

Friday, July 19, 2024

# ਪੰਜਾਬੀ ਜਰਨਲ
# PUNJABI JOURNAL

ਸਾਉਣ 4, ਨਾਨਕਸ਼ਾਹੀ ਸੰਮਤ: 555 | Volume: 17, Issue: 29 | Ph: 604-507-8009
www.punjabijournal.ca, Email: punjabijournal@gmail.com



ਨੀਰੂ ਬਾਜਵਾ ਨੇ ਨੀਲੇ ਰੰਗ ਦੀ ਪੁਸ਼ਾਕ 'ਚ ਪਾਈ ਖਿੱਚ ਪੰਨਾ 22

ਪੈਰਿਸ ਓਲੰਪਿਕ ਵਿੱਚ 117 ਖਿਡਾਰੀ ਕਰਨਗੇ ਭਾਰਤ ਦੀ ਨੁਮਾਇੰਦਗੀ ਪੰਨਾ 06







# ਦਿਲਜੀਤ ਦੋਸਾਂਝ ਤੇ ਟਰੂਡੋ ਦੀ ਮੁਲਾਕਾਤ 'ਤੇ ਕਈਆਂ ਦੇ ਢਿੱਡ ਦੁਖੇ



**ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਟੋਰਾਂਟੋ ਦੇ ਰੋਜਰਸ ਸੈਂਟਰ ਵਿੱਚ ਹੋਣ ਵਾਲੇ ਸੰਗੀਤ ਸਮਾਰੋਹ ਦੀਆਂ ਸਾਰੀਆਂ ਟਿਕਟਾਂ ਵਿਕਣ ਦੇ ਇਤਿਹਾਸਕ ਸਮਾਗਮ ਵਿੱਚ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਨੂੰ ਵਧਾਈ ਦੇਣ ਲਈ ਮਿਲਣ ਗਏ ਉਸ ਸਮੇਂ ਨਵਾਂ ਵਿਵਾਦ ਖੜ੍ਹਾ ਹੋ ਗਿਆ।

ਭਾਜਪਾ ਨੇ ਟਰੂਡੋ ਵੱਲੋਂ ਅਦਾਕਾਰ-ਗਾਇਕ ਦਿਲਜੀਤ ਦੁਸਾਂਝ ਨੂੰ 'ਪੰਜਾਬ ਦਾ ਗਾਇਕ' ਕਹਿਣ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਜਾਣਬੁੱਝ ਕੇ ਸ਼ਬਦਾਂ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਹੈ। ਦਿਲਜੀਤ ਪੰਜਾਬ, ਭਾਰਤ ਤੋਂ ਹੈ। ਸੱਤਾਧਾਰੀ ਭਾਜਪਾ ਨੇ ਇਹ ਇਤਰਾਜ਼ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇੰਸਟਾਗ੍ਰਾਮ 'ਤੇ ਦਿਲਜੀਤ ਨਾਲ ਆਪਣੀ ਇਕ ਵੀਡੀਓ ਸ਼ੇਅਰ ਕਰਨ ਤੋਂ ਬਾਅਦ ਉਠਾਇਆ ਹੈ, ਜਿਸ ਵਿਚ ਉਹ ਪੰਜਾਬੀ ਗਾਇਕ ਨੂੰ ਗਰਮਜੋਸ਼ੀ ਨਾਲ ਗਲੇ ਲਗਾਉਂਦੇ ਨਜ਼ਰ ਆ ਰਹੇ ਹਨ।

ਦਿਲਜੀਤ ਦੋਸਾਂਝ ਦੀ ਤਾਰੀਫ ਕਰਦੇ ਹੋਏ ਉਨ੍ਹਾਂ ਕਿਹਾ, 'ਜਦੋਂ ਰੋਜਰਸ ਸੈਂਟਰ 'ਚ ਦਿਲਜੀਤ ਦੋਸਾਂਝ ਦੇ ਸ਼ੋਅ ਦੀਆਂ ਸਾਰੀਆਂ ਟਿਕਟਾਂ ਵਿਕ ਗਈਆਂ ਤਾਂ ਉਹ ਉਨ੍ਹਾਂ ਨੂੰ ਮਿਲਣ ਗਿਆ। ਕੈਨੇਡਾ ਇੱਕ ਮਹਾਨ ਦੇਸ਼ ਹੈ। ਪੰਜਾਬ ਦੇ ਇੱਕ ਮੁੰਡੇ ਨੇ ਰਚਿਆ ਇਤਿਹਾਸ, ਸਟੇਡੀਅਮ ਦੀਆਂ ਸਾਰੀਆਂ ਟਿਕਟਾਂ ਵਿਕ ਗਈਆਂ। ਵਿਭਿੰਨਤਾ ਸਾਡੀ ਤਾਕਤ ਨਹੀਂ ਹੈ। ਇਹ ਇੱਕ ਮਹਾਂਸ਼ਕਤੀ ਹੈ।'

ਇਸ 'ਤੇ ਭਾਜਪਾ ਦੇ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਟਰੂਡੋ ਨੇ ਪੰਜਾਬੀ ਗਾਇਕ ਦੀ ਤਾਰੀਫ 'ਚ ਚੋਣਵੇਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਉਹ ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੁੰਦੇ ਹਨ ਕਿ ਦਿਲਜੀਤ ਪੰਜਾਬ ਦਾ ਨਹੀਂ ਸਗੋਂ ਭਾਰਤ ਦਾ ਰਹਿਣ ਵਾਲਾ ਹੈ।

ਦਿਲਜੀਤ ਦੁਸਾਂਝ ਦੇ ਵੈਨਕੂਵਰ ਬੀਸੀ ਪਲੇਸ ਅਤੇ ਟੋਰਾਂਟੋ ਰੋਜਰਸ ਸੈਂਟਰ ਦੇ ਸਟੇਡੀਅਮਾਂ ਦੀਆਂ ਕ੍ਰਮਵਾਰ 54 ਹਜ਼ਾਰ ਅਤੇ 49 ਹਜ਼ਾਰ ਤੋਂ ਵੱਧ ਸੀਟਾਂ ਵਾਲੀਆਂ ਸਾਰੀਆਂ ਟਿਕਟਾਂ ਬੁੱਕ ਹੋ ਚੁੱਕੀਆਂ ਹਨ। ਪੰਜਾਬੀ ਗਾਇਕ ਆਪਣੇ 'ਦਿਲ-ਲੁਮਨਾਟੀ' ਸਮਾਰੋਹ ਲਈ ਕੈਨੇਡਾ ਸਮੇਤ ਚਾਰ ਦੇਸ਼ਾਂ ਦੇ ਦੌਰੇ 'ਤੇ ਹਨ।

# ਸਾਰਾਗੜ੍ਹੀ ਫਾਉਂਡੇਸ਼ਨ ਦੇ ਪ੍ਰਧਾਨ ਡਾ. ਗੁਰਿੰਦਰਪਾਲ ਸਿੰਘ ਜੋਸਨ ਗੁਰਦੁਆਰਾ ਦੁੱਖ ਨਿਵਾਰਨ ਵਿਖੇ ਨਤਮਸਤਕ ਹੋਏ



**ਸਰੀ:** ਸਾਰਾਗੜ੍ਹੀ ਫਾਉਂਡੇਸ਼ਨ ਦੇ ਪ੍ਰਧਾਨ ਡਾ. ਗੁਰਿੰਦਰਪਾਲ ਸਿੰਘ ਜੋਸਨ ਬੀਤੇ ਦਿਨ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਸਰੀ ਵਿਖੇ ਨਤਮਸਤਕ ਹੋਏ ਪਹੁੰਚੇ ਅਤੇ ਉਨ੍ਹਾਂ ਗੁਰਦੁਆਰਾ ਸਾਹਿਬ ਵਿਚ ਸਥਾਪਿਤ ਕੀਤੀ ਗਈ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਗੈਲਰੀ ਦੇ ਦਰਸ਼ਨ ਕੀਤੇ। ਗਿਆਨੀ ਨਰਿੰਦਰਪਾਲ ਸਿੰਘ ਵਾਲੀਆ, ਜਤਿੰਦਰ ਜੇ ਮਿਨਹਾਸ ਅਤੇ ਸਮੂਹ ਮੈਂਬਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਡਾ. ਗੁਰਿੰਦਰਪਾਲ ਸਿੰਘ ਜੋਸਨ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੀ ਗੈਲਰੀ ਬਣਾਉਣ ਅਤੇ ਗੁਰੂ ਨਾਨਕ ਫੂਡ ਬੈਂਕ ਰਾਹੀਂ ਕੀਤੇ ਜਾ ਰਹੇ ਨਿਸ਼ਕਾਮ ਸੇਵਾ ਕਾਰਜ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਜਤਿੰਦਰ ਜੇ ਮਿਨਹਾਸ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਡਾ. ਜੋਸਨ ਵੱਲੋਂ ਚਲਾਈ ਜਾ ਰਹੀ ਫਾਉਂਡੇਸ਼ਨ ਵੱਲੋਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

# ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਵੱਲੋਂ 'ਸਪੋਰਟਸ ਮੀਟ 2024' ਦੇ ਜੇਤੂਆਂ ਨੂੰ ਐਵਾਰਡ ਵੰਡੇ



**ਸਰੀ:** ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਵੱਲੋਂ ਬੀਤੇ ਦਿਨੀਂ ਕਰਵਾਈ ਗਈ 'ਇੰਟਰ ਕਾਲਜ ਸਪੋਰਟਸ ਮੀਟ 2024' ਦੇ ਜੇਤੂਆਂ ਨੂੰ ਐਵਾਰਡ ਪ੍ਰਦਾਨ ਕਰਨ ਲਈ ਇਕ ਵਿਸ਼ੇਸ਼ ਸਮਾਗਮ ਇੱਥੇ ਸਰੀ ਸਿਟੀ ਹਾਲ ਵਿੱਚ ਕਰਵਾਇਆ ਗਿਆ।

ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿਚ ਪੁੱਜੇ ਵੱਖ ਵੱਖ ਕਾਲਜਾਂ ਦੇ ਵਿਦਿਆਰਥੀਆਂ, ਖਿਡਾਰੀਆਂ ਤੋਂ ਇਲਾਵਾ ਬੀਸੀ ਦੇ ਵਪਾਰ ਮੰਤਰੀ ਜਗਰੂਪ ਬਰਾੜ, ਪਿਕਸ ਦੇ ਸੀਈਓ ਸਤਬੀਰ ਸਿੰਘ ਚੀਮਾ, ਸਰੀ ਸਿਟੀ ਕੌਂਸਲ ਦੇ ਮੇਅਰ ਬ੍ਰੈਂਡਾ ਲੌਕ, ਮੀਡੀਆ ਡਾਇਰੈਕਟਰ ਪ੍ਰਭਜੋਤ ਕਾਹਲੋਂ, ਬਾਈਲਾਅ ਆਫੀਸਰ ਗੈਰੀ ਸਿੰਘ, ਬੀ ਸੀ ਯੂਨਾਈਟਡ ਦੇ ਮੀਡੀਆ ਡਾਇਰੈਕਟਰ ਨੈਵ ਚਾਹਲ, ਐਡਵੋਕੇਟ ਨਈਆ ਗਿੱਲ, ਦੇਸ ਪ੍ਰਦੇਸ਼ ਟਾਈਮਜ ਦੇ ਮੁੱਖ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਬੀ ਸੀ ਕੰਸਰਵੇਟਿਵ ਉਮੀਦਵਾਰ ਤੇਗਜੋਤ ਬੱਲ, ਜੋਡੀ ਤੂਰ, ਮਨਦੀਪ ਧਾਲੀਵਾਲ, ਬੀ ਸੀ ਯੂਨਾਈਟਡ ਦੇ ਅੰਮ੍ਰਿਤਪਾਲ ਸਿੰਘ ਢੋਟ, ਰੇਡੀਓ ਹੋਸਟ ਹਰਜੀਤ ਸਿੰਘ ਗਿੱਲ, ਕਮਿਊਨਿਟੀ ਐਂਡ ਮੀਡੀਆ ਰਿਲੇਸ਼ਨ ਦੇ ਡਾਇਰੈਕਟਰ ਹਾਰੁਨ ਗ਼ੱਫ਼ਾਰ, ਉਘੇ ਕਵੀ ਤੇ ਪੱਤਰਕਾਰ ਹਰਦਮ ਸਿੰਘ ਮਾਨ ਤੇ ਹੋਰ ਕਈ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ ਤੇ ਕੌਮਾਂਤਰੀ ਵਿਦਆਰਥੀਆਂ ਵੱਲੋਂ ਸਿੱਖਿਆ ਤੇ ਪੜ੍ਹਾਈ ਦੇ ਖੇਤਰ ਵਿਚ ਬੁਲੰਦੀਆਂ ਲਈ ਸ਼ੁਭ ਕਾਮਨਾਵਾਂ ਅਤੇ ਸਫਲ ਖੇਡ ਟੂਰਨਾਮੈਂਟ ਕਰਵਾਉਣ ਲਈ ਮੁਬਾਰਕਬਾਦ ਦਿੱਤੀ।

ਇਨ੍ਹਾਂ ਆਗੂਆਂ ਨੇ ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਦੇ ਇਸ ਜਸ਼ਨ ਦੀ ਭਰਪੂਰ ਪ੍ਰਸੰਸਾ ਕਰਦਿਆਂ ਕਿਹਾ ਕਿ ਖੇਡਾਂ ਸਾਡੀ ਜ਼ਿੰਦਗੀ ਵਿਚ ਬੜਾ ਅਹਿਮ ਰੋਲ ਅਦਾ ਕਰਦੀਆਂ ਹਨ। ਖੇਡਾਂ ਸਾਨੂੰ ਸਫਲ ਹੋਣ ਦਾ ਰਾਹ ਦਰਸਾਉਂਦੀਆਂ ਹਨ। ਇਕ ਚੰਗਾ ਖਿਡਾਰੀ ਜ਼ਿੰਦਗੀ ਦੇ ਹਰ ਖੇਤਰ ਵਿਚ ਕਾਮਯਾਬੀ ਹਾਸਲ ਕਰ ਸਕਦਾ ਹੈ। ਬੁਲਾਰਿਆਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਿਹਾ ਕਿ ਤੁਸੀਂ ਦੁਨੀਆਂ ਦੇ ਇਕ ਬਿਹਤਰ ਦੇਸ਼ ਵਿਚ ਆਏ ਹੋ। ਇਹ ਦੇਸ਼ ਆਪਣੇ ਸਿਸਟਮ ਤੇ ਈਮਾਨਦਾਰੀ ਨਾਲ ਸਫਲ ਹੋਣ ਲਈ ਹਰ ਇਕ ਨੂੰ ਅਨੇਕਾਂ ਮੌਕੇ ਪ੍ਰਦਾਨ ਕਰਦਾ ਹੈ।


SABZI MANDI SUPERMARKET



Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ



RETURN UNDELIVERABLE TO CIRCULATION WING - SW MEDIA GROUP #13 - 11888 MELLIS DR. RICHMOND BC V6X 1M1 PUBLICATION MAIL Contract/Agreement # is 41798524.

# ਪੈਰਿਸ ’ਚ ਸੁਨਹਿਰੀ ਇਤਿਹਾਸ ਦੁਹਰਾ ਸਕਦੀ ਹੈ ਭਾਰਤੀ ਹਾਕੀ ਟੀਮ

**ਦਿੱਲੀ** : ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਦਾ ਸੁਨਹਿਰੀ ਇਤਿਹਾਸ ਰਿਹਾ ਹੈ। ਭਾਰਤ ਨੂੰ ਓਲੰਪਿਕ ਵਿਚ ਪਹਿਲੀ ਵਾਰ ਹਾਕੀ ਖੇਡਣ ਦਾ ਮੌਕਾ 1928 ਵਿਚ ਮਿਲਿਆ ਅਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ 14 ਗੋਲ ਕਰਕੇ ਟੀਮ ਨੇ ਪਹਿਲੀ ਵਾਰ ਸੋਨ ਤਮਗਾ ਜਿੱਤਿਆ ਸੀ।

ਇੱਥੋਂ ਸ਼ੁਰੂ ਹੁੰਦੀ ਹੈ ਓਲੰਪਿਕ ਵਿੱਚ ਹਾਕੀ ਇੰਡੀਆ ਦੀ ਸੁਨਹਿਰੀ ਕਹਾਣੀ, ਜਿਸ ਤੋਂ ਬਾਅਦ ਟੀਮ ਨੇ ਪੰਜ ਦਹਾਕਿਆਂ ਤੱਕ ਇਸ ਖੇਡ ਵਿਚ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ। ਹਾਕੀ ਵਿਚ ਭਾਰਤੀ ਟੀਮ ਨੇ ਆਖਰੀ ਵਾਰ 1980 ਵਿਚ ਸੋਨ ਤਮਗਾ ਜਿੱਤਿਆ ਸੀ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਟੀਮ ਇਸ ਖੇਡ ਵਿਚ ਕੋਈ ਖਾਸ ਪ੍ਰਦਰਸ਼ਨ ਨਹੀਂ ਕਰ ਸਕੀ ਹੈ। ਹਾਲਾਂਕਿ ਇਸ ਵਾਰ ਟੀਮ ਨਵੇਂ ਮਨੋਬਲ ਨਾਲ ਓਲੰਪਿਕ ਵਿਚ ਹਿੱਸਾ ਲਵੇਗੀ ਅਤੇ ਟੋਕੀਓ ਵਿਚ ਪਿਛਲੀ ਵਾਰ ਜਿੱਤੇ ਗਏ ਕਾਂਸੀ ਦਾ ਰੰਗ ਬਦਲਣ ਦੀ ਕੋਸ਼ਿਸ਼ ਕਰੇਗੀ। ਇਸ ਵਾਰ ਭਾਰਤੀ ਹਾਕੀ ਟੀਮ ਆਪਣਾ 44 ਸਾਲਾਂ ਦਾ ਸੁਨਹਿਰੀ ਇੰਤਜ਼ਾਰ ਖਤਮ



ਕਰ ਸਕਦੀ ਹੈ।

**ਵੱਡੇ ਮੰਚ ‘ਤੇ ਟੀਮ ਦਾ ਰਿਕਾਰਡ ਸ਼ਾਨਦਾਰ:**

ਇਸ ਵਾਰ ਭਾਰਤੀ ਹਾਕੀ ਟੀਮ ਦੀ ਹਾਲੀਆ ਫਾਰਮ ਜ਼ਿਆਦਾ ਚੰਗੀ ਨਾ ਹੋਣ ਦੇ ਬਾਵਜੂਦ ਟੀਮ ਤੋਂ ਓਲੰਪਿਕ ਵਿਚ ਸ਼ਾਨਦਾਰ ਪ੍ਰਦਰਸ਼ਨ ਦੀ ਉਮੀਦ ਹੈ, ਇਸ ਦਾ ਕਾਰਨ ਸਿਰਫ ਸਖਤ ਸਿਖਲਾਈ ਹੀ ਨਹੀਂ ਬਲਕਿ ਖਿਡਾਰੀਆਂ ਦੀ ਸਖਤ ਸਿਖਲਾਈ ਅਤੇ ਉਤਸ਼ਾਹ ਤੇ ਟੀਮ ਨੇ ਵੱਡੇ ਮੰਚ ‘ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਦਾ ਰਿਕਾਰਡ ਵੀ ਰੱਖਿਆ ਹੈ। ਭਾਰਤ ਨੇ ਏਸ਼ਿਆਈ ਖੇਡਾਂ ਦੇ ਫਾਈਨਲ ਵਿਚ ਜਾਪਾਨ ਨੂੰ 5-1 ਨਾਲ ਹਰਾ ਕੇ ਇਹ ਸਾਬਤ ਕਰ ਦਿੱਤਾ ਸੀ। ਉਨ੍ਹਾਂ ਨੇ ਟੋਕੀਓ ਓਲੰਪਿਕ ਵਿਚ ਵੀ ਜਰਮਨੀ ਵਰਗੀ ਮਜ਼ਬੂਤ ਟੀਮ ਨੂੰ ਹਰਾਇਆ ਸੀ।

**ਵਰੁਣ ਦੀ ਕਮੀ ਹੋਵੇਗੀ ਮਹਿਸੂਸ ਪਰ ਟੀਮ ਸੰਤੁਲਿਤ:**

ਇਸ ਵਾਰ ਟੀਮ ਨੂੰ ਵਰੁਣ ਕੁਮਾਰ ਦੀ ਕਮੀ ਮਹਿਸੂਸ ਹੋਵੇਗੀ ਪਰ ਟੀਮ ਵਿਚ ਨੌਜਵਾਨ ਅਤੇ ਤਜਰਬੇਕਾਰ ਖਿਡਾਰੀਆਂ ਦਾ ਵਧੀਆ ਮਿਸ਼ਰਨ ਹੈ। ਗੋਲਕੀਪਰ ਪੀਆਰ ਸ੍ਰੀਜੇਸ਼ ਅਤੇ ਮਿਡਫੀਲਡਰ ਮਨਪ੍ਰੀਤ ਸਿੰਘ ਆਪਣਾ ਚੌਥਾ ਓਲੰਪਿਕ ਖੇਡਣ ਲਈ ਤਿਆਰ ਹਨ। ਜਦੋਂ ਕਿ ਡਿਫੈਂਡਰ ਜਰਮਨਪ੍ਰੀਤ ਸਿੰਘ ਅਤੇ ਫਾਰਵਰਡ ਅਭਿਸ਼ੇਕ ਅਜਿਹੇ ਖਿਡਾਰੀ ਹਨ ਜੋ ਪੂਰੀ ਤਰ੍ਹਾਂ ਨਵੇਂ ਹਨ। ਟੀਮ ਦਾ ਇਹ ਸੁਮੇਲ ਮੈਦਾਨੀ ਪ੍ਰਦਰਸ਼ਨ ਵਿਚ ਬਹੁਤ ਅਹਿਮ ਭੂਮਿਕਾ ਨਿਭਾਏਗਾ।

**ਪਹਿਲੇ ਤਿੰਨ ਮੈਚ ਜਿੱਤਣ ਨਾਲ ਵਧੇਗਾ ਮਨੋਬਲ:**

ਭਾਰਤ ਦੇ ਕੋਲ ਓਲੰਪਿਕ ਵਿਚ ਅਜਿਹਾ ਪੂਲ ਹੈ ਜਿਸ ਵਿਚ ਬੈਲਜੀਅਮ, ਅਰਜਨਟੀਨਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਆਇਰਲੈਂਡ ਵਰਗੀਆਂ ਟੀਮਾਂ ਸ਼ਾਮਲ ਹਨ। ਹਾਲਾਂਕਿ ਬੈਲਜੀਅਮ ਅਤੇ ਆਸਟ੍ਰੇਲੀਆ ਵਰਗੀਆਂ ਟੀਮਾਂ ਆਸਾਨ ਵਿਰੋਧੀ ਨਹੀਂ ਹੋਣਗੀਆਂ, ਪਰ ਭਾਰਤ ਨਿਊਜ਼ੀਲੈਂਡ, ਆਇਰਲੈਂਡ ਅਤੇ ਅਰਜਨਟੀਨਾ ਵਰਗੇ ਵਿਰੋਧੀਆਂ ਦੇ ਖਿਲਾਫ ਅਨੁਕੂਲ ਨਤੀਜਿਆਂ ਦੀ ਉਮੀਦ ਕਰ ਸਕਦਾ ਹੈ। ਖਾਸ ਗੱਲ ਇਹ ਹੈ ਕਿ ਭਾਰਤ ਨੂੰ ਪਹਿਲੇ ਤਿੰਨ ਮੈਚ ਨਿਊਜ਼ੀਲੈਂਡ, ਅਰਜਨਟੀਨਾ ਅਤੇ ਆਇਰਲੈਂਡ ਖਿਲਾਫ ਖੇਡਣੇ ਹਨ। ਭਾਰਤ ਵੀ ਉਮੀਦ ਮੁਤਾਬਕ ਪ੍ਰਦਰਸ਼ਨ ਕਰਕੇ ਇਹ ਮੈਚ ਜਿੱਤ ਸਕਦਾ ਹੈ। ਇਨ੍ਹਾਂ ਮੈਚਾਂ ਵਿਚ ਤਿੰਨ ਜਿੱਤਾਂ ਭਾਰਤ ਦੇ ਅਗਲੇ ਦੌਰ ਵਿਚ ਪ੍ਰਵੇਸ਼ ਕਰਨ ‘ਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਤੋਂ ਬਾਅਦ ਉਹ ਬੈਲਜੀਅਮ ਅਤੇ ਆਸਟ੍ਰੇਲੀਆ ਖਿਲਾਫ ਬਾਕੀ ਦੋ ਮੈਚ ਉੱਚ ਮਨੋਬਲ ਨਾਲ ਖੇਡ ਸਕਦੇ ਹਨ।

**ਪੰਜ ਦਹਾਕਿਆਂ ਤੱਕ ਰਿਹਾ ਹੈ ਸੁਨਹਿਰੀ ਦੌਰ :**

1928 ਵਿਚ ਪਹਿਲੀ ਵਾਰ ਸੋਨ ਤਗ਼ਮਾ ਜਿੱਤਣ ਤੋਂ ਬਾਅਦ ਭਾਰਤੀ ਹਾਕੀ ਟੀਮ ਨੇ 1932 ਅਤੇ 1936 ਵਿਚ ਵੀ ਸੋਨ ਤਗਮਾ ਜਿੱਤਿਆ। ਇਸ ਤੋਂ ਬਾਅਦ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਓਲੰਪਿਕ ਖੇਡਾਂ ਦੀ ਵਾਪਸੀ ਤੋਂ ਬਾਅਦ ਭਾਰਤੀ ਹਾਕੀ ਟੀਮ ਨੇ 1948, 1952 ਅਤੇ 1956 ਵਿਚ ਲਗਾਤਾਰ ਤਿੰਨ ਵਾਰ ਸੋਨ ਤਮਗਾ ਜਿੱਤਿਆ। ਭਾਰਤ ਨੇ 1964 ਅਤੇ 1980 ਵਿਚ ਵੀ ਸੋਨ ਤਗਮੇ ਜਿੱਤੇ ਸਨ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਟੀਮ ਹਾਕੀ ‘ਚ ਸੋਨ ਤਮਗਾ ਨਹੀਂ ਜਿੱਤ ਸਕੀ।

ਹਾਲਾਂਕਿ ਟੀਮ ਨੇ ਜਿਸ ਤਰ੍ਹਾਂ ਟੋਕੀਓ ਓਲੰਪਿਕ ਵਿਚ ਕਾਂਸੀ ਦਾ ਤਮਗਾ ਜਿੱਤ ਕੇ ਹਾਕੀ ਵਿਚ ਦੇਸ਼ ਦੀ ਭਾਵਨਾ ਨੂੰ ਕਾਇਮ ਰੱਖਿਆ, ਉਸ ਤੋਂ ਬਾਅਦ ਸੋਨ ਤਮਗੇ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। 2008 ਓਲੰਪਿਕ ਭਾਰਤੀ ਹਾਕੀ ਦਾ ਕਾਲਾ ਦੌਰ: ਭਾਰਤੀ ਹਾਕੀ ਦੇ ਇਤਿਹਾਸ ਦਾ ਸਭ ਤੋਂ ਕਾਲਾ ਦੌਰ 2008 ਬੀਜਿੰਗ ਓਲੰਪਿਕ ਦਾ ਸੀ। ਚਿਲੀ ਦੇ ਸੈਂਟੀਆਗੋ ਵਿਚ ਕੁਆਲੀਫਾਇਰ ਵਿਚ ਬਰਤਾਨੀਆ ਤੋਂ ਹਾਰ ਕੇ ਭਾਰਤੀ ਟੀਮ 88 ਸਾਲਾਂ ਵਿਚ ਪਹਿਲੀ ਵਾਰ ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੀ ਸੀ। ਹਾਲਾਂਕਿ, 2012 ਵਿਚ, ਟੀਮ ਨੇ ਲੰਡਨ ਓਲੰਪਿਕ ਲਈ ਕੁਆਲੀਫਾਈ ਕੀਤਾ ਪਰ ਇਕ ਵੀ ਮੈਚ ਨਹੀਂ ਜਿੱਤ ਸਕੀ। 2016 ਵਿਚ ਰੀਓ ਵਿਚ ਵੀ ਟੀਮ ਕੁਆਰਟਰ ਫਾਈਨਲ ਤੱਕ ਹੀ ਪਹੁੰਚ ਸਕੀ ਸੀ।

ਅਜਿਹੀ ਸਿਹਤ ਸਲਾਹ ਲਈ,
ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ,
HealthLinkBC.ca 'ਤੇ ਜਾਓ।

ਜੇ ਤੁਹਾਡੇ ਕੋਈ ਸਵਾਲ ਹਨ, ਤੁਸੀਂ ਆਪਣੇ ਲੱਛਣਾਂ ਦੀ ਜਾਂਚ ਕਰਨ ਅਤੇ ਭਰੋਸੇਯੋਗ ਸਿਹਤ ਜਾਣਕਾਰੀ ਪ੍ਰਾਪਤ ਕਰਨ ਲਈ HealthLinkBC.ca 'ਤੇ ਜਾ ਸਕਦੇ ਹੋ। ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨ ਲਈ, 24/7, 8-1-1 'ਤੇ ਫੋਨ ਕਰੋ।

HealthLinkBC.ca 'ਤੇ
ਵਧੇਰੇ ਦੇਖਭਾਲ ਲਈ ਜੁੜੋ




BRITISH COLUMBIA

PUNJABI JOURNAL

SW MEDIA GROUP

Volume: 17, Issue: 29 || Ph: 604-507-8009, FAX:1-855-796-3342 || Friday, July 19, 2024

# ਗੁ: ਨਾਨਕ ਦਰਬਾਰ ਤੋਂ ਸਜਾਇਆ ਨਗਰ ਕੀਰਤਨ



**ਵੈਨਕੂਵਰ:** ਸਰੀ ਡੈਲਟਾ ਦੇ ਸਕਾਟ ਰੋਡ 'ਤੇ ਸਥਿਤ ਗੁ: ਗੁਰੂ ਨਾਨਕ ਦਰਬਾਰ ਤੋਂ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਮਰਪਿਤ ਇਕ ਮਹਾਨ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛੱਤਰ-ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ 'ਚ ਵੱਡੀ ਗਿਣਤੀ 'ਚ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸਵੇਰੇ ਇਹ ਨਗਰ ਕੀਰਤਨ ਉਕਤ ਗੁਰੂ ਘਰ ਤੋਂ ਆਰੰਭ ਹੋ ਕੇ 70 ਏ ਐਵੀਨਿਊ, 124 ਸਟਰੀਟ, 66 ਐਵੀਨਿਊ, 124-ਏ ਸਟਰੀਟ ਅਤੇ 68 ਐਵੀਨਿਊ ਰਾਹੀਂ ਹੁੰਦਾ ਹੋਇਆ ਸ਼ਾਮੀਂ ਗੁਰੂ ਘਰ ਵਿਖੇ ਸੰਪੰਨ ਹੋਇਆ। ਇਸ ਮੌਕੇ ਸੰਗਤਾਂ ਵੱਲੋਂ ਨਗਰ ਕੀਰਤਨ 'ਚ ਸ਼ਾਮਿਲ ਹੋਈਆਂ ਸੰਗਤਾਂ ਲਈ ਥਾਂ-ਥਾਂ 'ਤੇ ਕੀਤੇ ਗਏ ਲੰਗਰਾਂ ਦੇ ਪ੍ਰਬੰਧ ਸ਼ਲਾਘਾਯੋਗ ਸਨ। ਇਸ ਨਗਰ ਕੀਰਤਨ 'ਚ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਵੱਲੋਂ ਸ਼ਰਦਾਈਆਂ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ਸਨ।

# ਕੈਨੇਡਾ ਵਲੋਂ ਪੈਰਿਸ ਉਲੰਪਿਕ 'ਚ ਖੇਡੇਗੀ ਪੰਜਾਬ ਦੀ ਧੀ ਜੈਸਿਕਾ



**ਚੰਡੀਗੜ੍ਹ:** ਪੰਜਾਬ ਦੀ ਧੀ ਜੈਸਿਕਾ ਕੈਨੇਡਾ ਵਲੋਂ ਉਲੰਪਿਕ ਖੇਡੇਗੀ, ਉਸਦੀ ਚੋਣ ਉਲੰਪਿਕ ਖੇਡਾਂ 2024 ਲਈ ਕੈਨੇਡਾ ਦੀ ਵਾਟਰ ਪੋਲੋ ਟੀਮ ਲਈ ਹੋਈ ਹੈ। ਇੰਝ ਪੰਜਾਬ ਦੀ ਇਕ ਹੋਰ ਧੀ ਨੇ ਵਿਦੇਸ਼ੀ ਧਰਤੀ 'ਤੇ ਪੰਜਾਬੀਆਂ ਦਾ ਸਿੱਕਾ ਜਮਾਇਆ ਹੈ। ਕੈਨੇਡਾ ਦੇ ਓਟਾਵਾ ਦੀ ਜੰਮਪਲ ਪੰਜਾਬਣ ਜੈਸਿਕਾ ਓਲੰਪਿਕ 2024 ਲਈ ਕੈਨੇਡਾ ਦੀ ਮਹਿਲਾ ਵਾਟਰ ਪੋਲੋ ਟੀਮ ਦੀ ਮੈਂਬਰ ਚੁਣੀ ਗਈ ਹੈ।

ਟੋਕੀਓ 2020 ਓਲੰਪਿਕ ਖੇਡਾਂ ਲਈ ਉਹ ਕੈਨੇਡੀਅਨ ਟੀਮ ਵਿੱਚ ਇੱਕ ਬਦਲ ਵਜੋਂ ਵੀ ਮੌਜੂਦ ਰਹੀ ਸੀ। ਜਦੋਂ ਕਿ ਇਸ ਵਾਰ ਜੈਸਿਕਾ ਨੇ ਇਕ ਹੋਰ ਪੁਲਾਂਘ ਪੁੱਟਦਿਆਂ ਕੈਨੇਡਾ ਵਲੋਂ ਪੈਰਿਸ ਉਲੰਪਿਕ 2024 ਖੇਡਣ ਵਾਲੀ ਵਾਟਰ ਪੋਲੋ ਟੀਮ ਵਿਚ ਮੁੱਖ ਸਥਾਨ ਬਣਾਇਆ ਹੈ, ਜੋ ਪੰਜਾਬ ਲਈ ਵੀ ਮਾਣ ਵਾਲੀ ਗੱਲ ਹੈ।

ਜ਼ਿਕਰਯੋਗ ਹੈ ਕਿ ਜੈਸਿਕਾ ਦਾ ਜਨਮ ਬੇਸ਼ੱਕ ਕੈਨੇਡਾ ਦੀ ਧਰਤੀ 'ਤੇ ਹੋਇਆ, ਪਰ ਉਸਦੀਆਂ ਜੜ੍ਹਾਂ ਸਿੱਧੀਆਂ ਪੰਜਾਬ ਨਾਲ ਜੁੜੀਆਂ ਹਨ। ਜੈਸਿਕਾ ਕੈਨੇਡਾ ਦੀ ਆਰ.ਸੀ.ਐਮ.ਪੀ. ਅਧਿਕਾਰੀ ਅਜੀਤ ਕੌਰ ਟਿਵਾਣਾ ਦੀ ਧੀ ਹੈ।

ਪੰਜਾਬ ਦੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਭ ਤੋਂ ਵੱਡੇ ਪਿੰਡ ਚਨਾਰਥਲ ਕਲਾਂ ਦੀ ਜੰਮਪਲ ਅਜੀਤ ਕੌਰ ਟਿਵਾਣਾ ਕੈਨੇਡਾ ਵਿਚ ਏਸ਼ੀਆ ਦੀ ਪਹਿਲੀ ਉਹ ਲੜਕੀ ਹੈ, ਜੋ ਆਰ.ਸੀ.ਐਮ.ਪੀ. ਅਧਿਕਾਰੀ ਵਜੋਂ ਤਾਇਨਾਤ ਹੋਈ ਸੀ। ਹੁਣ ਉਸਦੀ ਬੇਟੀ ਅਤੇ ਰਿਟਾ. ਫੌਜ ਅਧਿਕਾਰੀ ਤੇ ਨਾਮਵਰ ਲੇਖਕ ਸ. ਅਮਰਜੀਤ ਸਿੰਘ ਸਾਥੀ ਦੀ ਦੋਹਤੀ ਜੈਸਿਕਾ ਨੇ ਕੈਨੇਡਾ 'ਚ ਵੱਡੀ ਮੱਲ ਮਾਰ ਕੇ ਪੰਜਾਬ ਦਾ ਨਾਮ ਹੋਰ ਰੌਸ਼ਨ ਕੀਤਾ ਹੈ।

ਕੈਨੇਡਾ ਦੀ ਉਲੰਪਿਕ ਵਾਟਰ ਪੋਲੋ ਟੀਮ 'ਚ ਜੈਸਿਕਾ ਦੇ ਸ਼ਾਮਲ ਹੋਣ 'ਤੇ ਪਰਿਵਾਰ ਦੇ ਨਾਲ-ਨਾਲ ਪੰਜਾਬ ਲਈ ਵੀ ਫਖ਼ਰ ਦੀ ਗੱਲ ਹੈ ਅਤੇ ਅਨੇਕ ਪੰਜਾਬੀ ਬੱਚਿਆਂ ਲਈ ਉਹ ਪ੍ਰੇਰਨਾ ਸਰੋਤ ਬਣ ਗਈ ਹੈ।

ਜੈਸਿਕਾ ਬਚਪਨ ਤੋਂ ਹੀ ਇਸ ਖੇਡ ਨੂੰ ਸਮਰਪਿਤ ਰਹੀ ਹੈ। ਜੈਸਿਕਾ ਨੇ 2008 ਵਿੱਚ 14 ਸਾਲ ਦੀ ਉਮਰ ਵਿੱਚ ਵਾਟਰ ਪੋਲੋ ਖੇਡਣਾ ਸ਼ੁਰੂ ਕੀਤਾ। ਇਸਦੀ ਚੇਟਕ ਉਸ ਨੂੰ ਉਦੋਂ ਲੱਗੀ ਜਦੋਂ ਉਸਦਾ ਪਰਿਵਾਰ ਕਿਸੇ ਨਜ਼ਦੀਕੀ ਨੂੰ ਇਹ ਗੇਮ ਖੇਡਦਿਆਂ ਦੇਖਣ ਲਈ ਗਿਆ ਸੀ।

ਜੈਸਿਕਾ ਦੇ ਮਾਤਾ-ਪਿਤਾ ਨੇ ਉਸ ਨੂੰ ਸਮਰ ਕੈਂਪ ਲਈ ਉਸੇ ਸਮੇਂ ਅਤੇ ਉੱਥੇ ਹੀ ਦਾਖਲ ਕਰਵਾ ਦਿੱਤਾ। ਉਦੋਂ ਤੋਂ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅੱਜ ਉਸ ਦੀਆਂ ਪ੍ਰਾਪਤੀਆਂ ਦਾ ਗ੍ਰਾਫ਼ ਕਾਫ਼ੀ ਉੱਪਰ ਹੈ ਜਿਸ ਨੇ ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਂਦਿਆਂ ਉਲੰਪਿਕ ਖੇਡਣ ਦਾ ਮੌਕਾ ਦਿੱਤਾ।

ਸੰਨ 2012 ਵਿੱਚ ਜੈਸਿਕਾ ਨੇ ਪਹਿਲੀ ਐੱਫਆਈਐੱਨਏ ਵਿਸ਼ਵ ਯੂਥ ਚੈਂਪੀਅਨਸ਼ਿਪ ਵਿੱਚ ਕੈਨੇਡਾ ਨੂੰ ਪੰਜਵੇਂ ਸਥਾਨ 'ਤੇ ਲਿਆਉਣ ਵਿੱਚ ਯੋਗਦਾਨ ਪਾਇਆ। 2017 ਵਿੱਚ ਉਸ ਨੇ ਕੈਨੇਡਾ ਨੂੰ ਐੱਫਆਈਐੱਨਏ ਵਿਸ਼ਵ ਲੀਗ ਸੁਪਰ ਫਾਈਨਲ ਵਿੱਚ ਚਾਂਦੀ ਦਾ ਤਗਮਾ ਜਿੱਤਣ ਵਿੱਚ ਮਦਦ ਕੀਤੀ ਜਿੱਥੇ ਉਸ ਨੂੰ ਟੂਰਨਾਮੈਂਟ ਦੀ ਸਭ ਤੋਂ ਬਿਹਤਰੀਨ ਗੋਲਚੀ ਚੁਣਿਆ ਗਿਆ।

ਕੈਪੀਟਲ ਵੇਵ ਸਵੀਮਿੰਗ ਅਤੇ ਵਾਟਰ ਪੋਲੋ ਕਲੱਬ ਦੀ ਇਸ ਪ੍ਰਤੀਨਿਧੀ ਨੇ ਟੋਰਾਂਟੋ 2015, ਲੀਮਾ 2019 ਅਤੇ ਸੈਂਟੀਆਗੋ 2023 ਪੈਨ ਅਮਰੀਕਨ ਖੇਡਾਂ ਵਿੱਚ ਚਾਂਦੀ ਦਾ ਤਗਮਾ ਜਿੱਤਿਆ।

ਯੂਨੀਵਰਸਿਟੀ ਪੱਧਰ 'ਤੇ ਜੈਸਿਕਾ ਨੇ ਇੰਡੀਆਨਾ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ ਜਿੱਥੇ ਉਸ ਨੂੰ 2013, 2014 ਅਤੇ 2018 ਵਿੱਚ ਆਲ-ਕਾਨਫਰੰਸ ਫਸਟ ਆਲ-ਸਟਾਰ ਟੀਮ ਨਾਮ ਦਿੱਤਾ ਗਿਆ ਸੀ। ਇੰਡੀਆਨਾ ਯੂਨੀਵਰਸਿਟੀ ਵਿੱਚ ਆਪਣੇ ਅੰਤਿਮ ਸਾਲ ਵਿੱਚ ਉਸ ਨੂੰ ਆਲ-ਅਮਰੀਕਨ ਐੱਨਸੀਏਏ ਮਹਿਲਾ ਵਾਟਰ ਪੋਲੋ ਡਿਵੀਜ਼ਨ 1 ਵਿੱਚ 'ਮਾਣਯੋਗ ਆਲ-ਸਟਾਰ ਟੀਮ' ਵਜੋਂ ਨਾਮਜ਼ਦ ਕੀਤਾ ਗਿਆ ਸੀ।

ਉਸ ਨੇ 2019 ਵਿੱਚ ਇੰਡੀਆਨਾ ਯੂਨੀਵਰਸਿਟੀ ਵਿੱਚ ਕੈਮਿਸਟਰੀ ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ। 2022 ਵਿੱਚ, ਉਹ ਕੋਚ ਦੇ ਰੂਪ ਵਿੱਚ ਮਿਸ਼ੀਗਨ ਯੂਨੀਵਰਸਿਟੀ ਦੀ ਟੀਮ ਵਿੱਚ ਸ਼ਾਮਲ ਹੋ ਗਈ। ਇਸ ਨਾਲ ਉਹ ਐੱਨਸੀਏਏ ਵਿੱਚ ਕੋਚ ਬਣਨ ਵਾਲੀ ਏਸ਼ੀਅਨ-ਭਾਰਤੀ ਮੂਲ ਦੀ ਪਹਿਲੀ ਔਰਤ ਬਣ ਗਈ। ਆਪਣੇ ਐਥਲੈਟਿਕਸ ਕਰੀਅਰ ਵਿੱਚ ਇੰਨੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਬਾਅਦ ਵੀ ਉਹ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ, ਖ਼ਾਸ ਕਰਕੇ ਉਸ ਨੂੰ ਬੁਣਾਈ ਕਰਨ ਦਾ ਬਹੁਤ ਸ਼ੌਕ ਹੈ। ਉਹ ਡਰਾਇੰਗ ਦਾ ਵੀ ਸ਼ੌਕ ਰੱਖਦੀ ਹੈ।

ਓਟਾਵਾ ਤੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਜੈਸਿਕਾ ਦੇ ਨਾਨਾ ਅਮਰਜੀਤ ਸਿੰਘ ਸਾਥੀ, ਮਾਤਾ ਅਜੀਤ ਕੌਰ ਟਿਵਾਣਾ ਅਤੇ ਪਿੰਡ ਚਨਾਰਥਲ ਕਲਾਂ ਤੋਂ ਨਵਤੇਜ ਸਿੰਘ ਟਿਵਾਣਾ, ਗੁਰਤੇਜ ਸਿੰਘ ਟਿਵਾਣਾ ਨੇ ਕਿਹਾ ਕਿ ਜੈਸਿਕਾ ਨੂੰ ਜਿੱਥੇ ਉਲੰਪਿਕ ਟੀਮ ਵਿਚ ਚੁਣੇ ਜਾਣ ਦੀ ਖੁਸ਼ੀ ਹੈ, ਉਥੇ ਉਨ੍ਹਾਂ ਨੇ ਕਿਹਾ ਕਿ ਉਹ ਕੈਨੇਡਾ ਲਈ ਮੈਡਲ ਜਿੱਤ ਕੇ ਲਿਆਵੇਗੀ, ਇਸ ਨਾਲ ਪੰਜਾਬ ਦਾ ਵੀ ਸਿਰ ਹੋਰ ਉਚਾ ਹੋਵੇਗਾ।

# ਐਡਵੋਕੇਟ ਅਨੀਤਾ ਕੌਰ ਅਟਵਾਲ ਮੈਪਲ ਰਿੱਜ ਦੀ ਕਮਿਸ਼ਨਰ ਬਣੀ



**ਸਰੀ:** ਕੈਨੇਡਾ ਦੇ ਬ੍ਰਿਸ਼ਸ਼ ਕੋਲੰਬੀਆ ਸੂਬੇ ਦੇ ਸ਼ਹਿਰ ਮੈਪਲ ਰਿੱਜ ਦੀ ਨਗਰ ਪਾਲਿਕਾ ਨੇ ਵੈਨਕੂਵਰ ਦੀ ਸੀਨੀਅਰ ਪੰਜਾਬਣ ਵਕੀਲ ਅਨੀਤਾ ਕੌਰ ਅਟਵਾਲ ਨੂੰ ਇਨਫੇਰਾਰਟੀ ਕਮਿਸ਼ਨਰ ਨਿਯੁਕਤ ਕੀਤਾ ਹੈ।

ਇਸ ਵਕਾਰੀ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਅਨੀਤਾ ਕੌਰ ਅਟਵਾਲ ਪਹਿਲੀ ਪੰਜਾਬਣ ਹੈ, ਅਨੀਤਾ ਕੌਰ ਆਜ਼ਾਦ ਅਧਿਕਾਰੀ ਵਜੋਂ ਨਗਰ ਪਾਲਿਕਾ ਦੇ ਕੌਂਸਲਰਾਂ ਤੇ ਸਟਾਫ਼ ਨੂੰ ਬਾਈ ਲਾਅ ਦੇ ਜਾਬਤੇ ਬਾਰੇ ਸਿੱਖਿਅਕ ਕਰੇਗੀ ਤੇ ਜਨਤਾ ਵਲੋਂ ਕੀਤੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰੇਗੀ। ਅਨੀਤਾ ਕੌਰ ਅਟਵਾਲ ਦੀ ਕਮਿਸ਼ਨਰ ਵਜੋਂ ਨਿਯੁਕਤੀ 2 ਸਾਲ ਵਾਸਤੇ ਕੀਤੀ ਗਈ ਹੈ ਡ ਅਮਰੀਕਾ ਦੇ ਹਾਰਡਵਰਡ ਲਾਅ ਸਕੂਲ ਤੋਂ ਕਾਨੂੰਨ ਦੀ ਪੜ੍ਹਾਈ ਕਰਨ ਉਪਰੰਤ ਅਨੀਤਾ ਨੇ ਸੰਨ 2006 'ਚ ਵਕਾਲਤ ਕਰਨੀ ਸ਼ੁਰੂ ਕੀਤੀ ਸੀ। ਸਾਊਥ ਏਸ਼ੀਅਨ ਲੀਗਲ ਕਲੀਨਿਕ ਦੀ ਸੰਸਥਾਪਕ ਅਨੀਤਾ ਕੌਰ ਅਟਵਾਲ ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਬ੍ਰਿਟਿਸ਼ ਕੋਲੰਬੀਆ ਦੀ ਪ੍ਰਧਾਨ ਰਹਿ ਚੁੱਕੀ ਹੈ ਤੇ ਹੁਣ ਉਹ ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਉੱਤਰੀ ਅਮਰੀਕਾ ਦੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਐਡਵੋਕੇਟ ਅਨੀਤਾ ਕੌਰ ਅਟਵਾਲ ਨੇ ਕਿਹਾ ਕਿ ਉਹ ਕਮਿਸ਼ਨਰ ਵਜੋਂ ਆਪਣੀ ਡਿਊਟੀ ਪੂਰੇ ਸਤਿਕਾਰ, ਅਖੰਡਤਾ, ਪਾਰਦਰਸ਼ਤਾ ਤੇ ਜਵਾਬਦੇਹੀ ਨਾਲ ਨਿਭਾਏਗੀ।

# ਗ਼ਜ਼ਲ ਮੰਚ ਸਰੀ ਵੱਲੋਂ ਜੀ.ਐਸ. ਪੀਟਰ ਅਤੇ ਗੁਰਦੀਪ ਲੋਪੋਂ ਨਾਲ ਵਿਸ਼ੇਸ਼ ਬੈਠਕ



**ਸਰੀ:** ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨੀਂ ਪੰਜਾਬ ਤੋਂ ਆਏ ਗਾਇਕ ਜੀ.ਐਸ. ਪੀਟਰ ਅਤੇ ਸ਼ਾਇਰ ਗੁਰਦੀਪ ਲੋਪੋਂ ਨਾਲ ਵਿਸ਼ੇਸ਼ ਮਹਿਫ਼ਿਲ ਰਚਾਈ ਗਈ। ਮੰਚ ਵੱਲੋਂ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੋਹਾਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਦੋਹਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਮੀਟਿੰਗ ਦੌਰਾਨ ਗਾਇਕ ਜੀ. ਐਸ. ਪੀਟਰ ਨੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਨਾਲ ਜਗਰਾਓਂ ਵਿਖੇ ਆਖਰੀ ਮਹਿਫ਼ਿਲ ਵਿਚ ਹੋਈ ਗੱਲਬਾਤ ਸਾਂਝੀ ਕੀਤੀ ਅਤੇ ਪਾਤਰ ਸਾਹਿਬ ਨਾਲ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ। ਜੀ.ਐਸ. ਪੀਟਰ ਨੇ ਆਪਣੇ ਸਾਹਿਤਕ ਅਤੇ ਗਾਇਕੀ ਦੀ ਸਫਰ ਬਾਰੇ ਦੱਸਿਆ ਅਤੇ ਸੁਰਜੀਤ ਪਾਤਰ ਦੀਆਂ ਕੁਝ ਗ਼ਜ਼ਲਾਂ ਤਰੰਨੁਮ ਵਿਚ ਪੇਸ਼ ਕੀਤੀਆਂ।

ਸ਼ਾਇਰ ਗੁਰਦੀਪ ਲੋਪੋਂ ਨੇ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ ਅਤੇ ਮੋਗੇ ਦੇ ਆਸ ਪਾਸ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਗੱਲਬਾਤ ਕੀਤੀ। ਉਸ ਨੇ ਗ਼ਜ਼ਲ ਮੰਚ ਸਰੀ ਦੀਆਂ ਸਰਗਰਮੀਆਂ ਦੀ ਪ੍ਰਸੰਸਾ ਕੀਤੀ ਅਤੇ ਆਪਣੀਆਂ ਕੁਝ ਗ਼ਜ਼ਲਾਂ ਸੁਣਾਈਆਂ। ਇਸ ਮੌਕੇ ਉਸ ਦੀ ਛਪ ਰਹੀ ਗ਼ਜ਼ਲ ਪੁਸਤਕ 'ਖਤ ਲਿਖੀਂ' ਦਾ ਸਰਵਰਕ ਰਿਲੀਜ਼ ਕੀਤਾ ਗਿਆ। ਗ਼ਜ਼ਲ ਮੰਚ ਵੱਲੋਂ ਦੋਹਾਂ ਅਦੀਬਾਂ ਦਾ ਸਨਮਾਨ ਕੀਤਾ ਗਿਆ। ਇਸ ਮਹਿਫ਼ਿਲ ਵਿਚ ਮੰਚ ਦੇ ਪ੍ਰਧਾਨ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਕ੍ਰਿਸ਼ਨ ਭਨੋਟ, ਗੁਰਮੀਤ ਸਿੱਧੂ, ਪ੍ਰੀਤ ਮਨਪ੍ਰੀਤ, ਭੁਪਿੰਦਰ ਮੱਲ੍ਹੀ ਅਤੇ ਲਵਪ੍ਰੀਤ ਲੱਕੀ ਸੰਧੂ ਨੇ ਮਹਿਮਾਨ ਸਾਹਿਤਕਾਰਾਂ ਦੀ ਸੰਗਤ ਨੂੰ ਮਾਣਿਆਂ।

## ਆਪਣੇ ਘਰ ਚਲੇ ਜਾਓ ਤੇ ਕੈਨੇਡਾ ਵਿਚ ਕੀਤੀ ਪੜ੍ਹਾਈ ਨੂੰ ਆਪਣੇ ਮੁਲਕ ਵਿਚ ਵਰਤੋ: ਮਾਰਕ ਮਿਲਰ

**ਓਟਾਵਾ** : ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿਚ ਨਹੀਂ ਰਹਿ ਸਕਦੇ।

ਮਾਰਕ ਮਿਲਰ ਨੇ ਸਪੱਸ਼ਟ ਲਫਜ਼ਾਂ ਵਿਚ ਕਿਹਾ ਹੈ ਕਿ ਆਪਣੇ ਘਰ ਚਲੇ ਜਾਓ ਅਤੇ ਕੈਨੇਡਾ ਵਿਚ ਕੀਤੀ ਪੜ੍ਹਾਈ ਨੂੰ ਆਪਣੇ ਮੁਲਕ ਜਾ ਕੇ ਵਰਤੋ। ਇਮੀਗ੍ਰੇਸ਼ਨ ਮੰਤਰੀ ਨੇ ਦਾਅਵਾ ਕੀਤਾ ਕਿ ਕਿਸੇ ਨੂੰ ਵੀ ਕੈਨੇਡਾ ਵਿਚ ਪੱਕਾ ਕਰਨ ਦਾ ਵਾਅਦਾ ਨਹੀਂ ਕੀਤਾ ਗਿਆ। 'ਬਲੂਮਬਰਗ' ਦੀ ਰਿਪੋਰਟ ਮੁਤਾਬਕ ਕੈਨੇਡਾ ਸਰਕਾਰ ਕੌਮਾਂਤਰੀ ਵਿਦਿਆਰਥੀਆਂ ਨੂੰ ਜਾਰੀ ਵੀਜ਼ਿਆਂ ਦੀ ਸਮੀਖਿਆ ਕਰ ਰਹੀ ਹੈ ਅਤੇ ਇਸ ਦਾ ਮੁੱਖ ਮਕਸਦ ਮੁਲਕ ਦੀ ਵੱਧ ਰਹੀ ਆਬਾਦੀ ਨੂੰ ਕੰਟਰੋਲ ਕਰਨ ਸਣੇ ਰੁਜ਼ਗਾਰ ਖੇਤਰ ਵਿਚ ਬਰਾਬਰੀ ਬਣਾ ਕੇ ਰੱਖਣਾ ਹੈ।

ਮਾਰਕ ਮਿਲਰ ਨੇ ਅੱਗੇ ਕਿਹਾ ਕਿ ਕੈਨੇਡੀਅਨ ਯੂਨੀਵਰਸਿਟੀਜ਼ ਅਤੇ ਹੋਰ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਕੌਮਾਂਤਰੀ ਵਿਦਿਆਰਥੀ ਆਪਣੇ ਦਿਮਾਗ ਵਿਚੋਂ ਇਹ ਗੱਲ ਕੱਢ ਦੇਣ ਕਿ ਉਨ੍ਹਾਂ ਨੂੰ ਕੈਨੇਡਾ ਦੀ ਪੀ.ਆਰ. ਮਿਲ ਜਾਵੇਗੀ। ਇਮੀਗ੍ਰੇਸ਼ਨ ਮੰਤਰੀ ਦਾ ਕਹਿਣਾ ਸੀ ਕਿ ਕੌਮਾਂਤਰੀ ਵਿਦਿਆਰਥੀ ਕੈਨੇਡੀਅਨ ਪੀ.ਆਰ. ਦਾ ਸੁਪਨਾ ਲੈ ਕੇ ਕਿਸੇ ਵੀ ਕੋਰਸ ਵਿਚ ਦਾਖਲਾ ਲੈ ਲੈਂਦੇ ਹਨ ਪਰ ਹੁਣ ਸਾਰੀਆਂ ਚੋਰ ਮੋਰੀਆਂ ਬੰਦ ਕਰ ਦਿਤੀਆਂ ਜਾਣਗੀਆਂ। ਇਮੀਗ੍ਰੇਸ਼ਨ ਨੀਤੀਆਂ ਵਿਚ




# ਕੌਮਾਂਤਰੀ ਵਿਦਿਆਰਥੀਆਂ ਨੂੰ ਹੁਣ ਕੈਨੇਡਾ 'ਚ ਨਹੀਂ ਮਿਲੇਗੀ PR!

ਤਬਦੀਲੀ ਲਾਜ਼ਮੀ ਹੈ ਪਰ ਇਸ ਲਈ ਸਰਕਾਰ ਅਤੇ ਕਾਰੋਬਾਰੀਆਂ ਦਰਮਿਆਨ ਵਿਚਾਰ ਵਟਾਂਦਰਾ ਵੀ ਹੋਣਾ ਚਾਹੀਦਾ ਹੈ। ਮਾਰਕ ਮਿਲਰ ਨੇ ਦੱਸਿਆ ਕਿ ਕੈਨੇਡਾ ਵਿਚ ਆਰਜ਼ੀ ਤੌਰ 'ਤੇ ਮੌਜੂਦ ਲੋਕਾਂ ਦੀ ਗਿਣਤੀ ਕੁੱਲ ਆਬਾਦੀ ਦਾ 5 ਫ਼ੀਸਦੀ ਕਰਨ ਦਾ ਟੀਚਾ ਮਿੱਥਿਆ ਗਿਆ ਹੈ ਜੋ ਇਸ ਵੇਲੇ ਤਕਰੀਬਨ 7 ਫ਼ੀਸਦੀ ਹੋ ਚੁੱਕੀ ਹੈ।

'ਬਲੂਮਬਰਗ' ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੈਨੇਡਾ ਹੁਣ ਕੌਮਾਂਤਰੀ ਵਿਦਿਆਰਥੀਆਂ ਨੂੰ ਪਹਿਲਾਂ ਵਾਂਗ ਵੱਡੇ ਪੱਧਰ 'ਤੇ ਸਟੱਡੀ ਵੀਜ਼ੇ ਜਾਰੀ ਨਹੀਂ ਕਰੇਗਾ। ਮਾਰਕ ਮਿਲਰ ਨੇ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦਾ ਪੱਖ ਪੂਰਿਆ ਜੋ ਆਪਣੇ ਕੋਰਸ ਮੁਤਾਬਕ ਹੀ ਕਿੱਤਾ ਚੁਣਦੇ ਹਨ ਅਤੇ ਇਕ ਹੁਨਰਮੰਦ ਕਾਮੇ ਵਜੋਂ ਮੁਲਕ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਯੋਗਦਾਨ ਪਾ ਰਹੇ ਹਨ।

ਇਮੀਗ੍ਰੇਸ਼ਨ ਮੰਤਰੀ ਦਾ ਤਾਜ਼ਾ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਕੈਨੇਡਾ ਵਿਚ 70 ਹਜ਼ਾਰ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਖ਼ਤਮ ਹੋ ਚੁੱਕੇ ਹਨ ਅਤੇ ਉਹ ਅਸਾਇਲਮ ਵਰਗੇ ਰਾਹ ਅਖ਼ਤਿਆਰ ਕਰਨ ਲਈ ਮਜਬੂਰ ਹਨ। ਪ੍ਰਿੰਸ ਐਡਵਰਡ ਆਈਲੈਂਡ ਵਿਚ ਪੰਜਾਬੀ ਵਿਦਿਆਰਥੀਆਂ ਵੱਲੋਂ ਰੋਸ ਵਿਖਾਵੇ ਕੀਤੇ ਗਏ ਜਦਕਿ ਬਰੈਂਪਟਨ ਵਿਖੇ ਵੀ ਕਈ ਮੁਜ਼ਾਹਰੇ ਹੋ ਚੁੱਕੇ ਹਨ।

ਦੂਜੇ ਪਾਸੇ ਐਕਸਪ੍ਰੈਸ ਐਂਟਰੀ ਡਰਾਅ ਵਿਚ ਸ਼ਾਮਲ ਹੋਣ ਲਈ ਸੀ.ਆਰ.ਐਸ. ਬਹੁਤ ਉਚਾ ਚੱਲ ਰਿਹਾ ਹੈ ਅਤੇ ਫਰੈਂਚ ਭਾਸ਼ਾ ਦੇ ਜਾਣਕਾਰਾਂ ਨੂੰ ਹੀ ਮਾਮੂਲੀ ਰਾਹਤ ਮਿਲ ਰਹੀ ਹੈ। ਇਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਭਾਵੇਂ 2023 ਵਿਚ 4 ਲੱਖ 37 ਹਜ਼ਾਰ ਸਟੱਡੀ ਵੀਜ਼ੇ ਜਾਰੀ ਕੀਤੇ ਗਏ ਪਰ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਅੰਕੜਾ 10 ਲੱਖ ਤੋਂ ਟੱਪ ਗਿਆ। ਇਸ ਅੰਕੜੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੈਨੇਡਾ ਦਾਖਲ ਹੋਣ ਮਗਰੋਂ ਵੱਡੀ ਗਿਣਤੀ ਵਿਚ ਵਿਦਿਆਰਥੀ ਨਵੇਂ ਕੋਰਸਾਂ ਵਿਚ ਦਾਖਲਾ ਲੈਣ ਅਤੇ ਸਟੱਡੀ ਵੀਜ਼ਾ ਦੀ ਮਿਆਦ ਵਧਾਉਣ ਦੇ ਯਤਨ ਜਾਰੀ ਰਖਦੇ ਹਨ ਤਾਂਕਿ ਵਰਕ ਪਰਮਿਟ ਮਿਲਣ ਮਗਰੋਂ ਪੀ.ਆਰ. ਹਾਸਲ ਕਰਨ ਵਿਚ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ।

ਇੱਥੇ ਦੱਸਣਾ ਬਣਦਾ ਹੈ ਕਿ ਸਿਰਫ ਕੈਨੇਡਾ ਸਰਕਾਰ ਹੀ ਵਿਦਿਆਰਥੀਆਂ ਦਾ ਰਾਹ ਔਖਾ ਨਹੀਂ ਕਰ ਰਹੀ ਸੂਬਾ ਸਰਕਾਰਾਂ ਵੀ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦਾ ਮੌਕਾ ਨਹੀਂ ਖੁੰਝ ਰਹੀਆਂ। ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਇਕ ਦਿਨ ਪਹਿਲਾਂ ਹੀ ਸਰਕਾਰੀ ਵਿਦਿਅਕ ਅਦਾਰਿਆਂ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 30 ਫ਼ੀਸਦੀ ਤੱਕ ਸੀਮਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ।

## ਲੋਕ ਤੱਥ

ਮਿਲਣ ਮੁਕੱਦਰਾਂ ਨਾਲ ਲੋਕੋ, ਹਾਣ ਮਾਣ ਤੇ ਸ਼ਾਨ ਤਿੰਨੇ
ਤੁਰ ਜਾਣਾ ਛੱਡ ਕੇ ਸਾਰਿਆਂ ਨੇ, ਪੈਸਾ ਪ੍ਰਾਣ ਜਹਾਨ ਤਿੰਨੇ

ਹੱਥੋਂ ਨਿੱਕਲੇ ,ਕਦੇ ਨਾ ਆਉਣ ਮੁੜਕੇ, ਜਿੰਦਗੀ ਸਮਾਂ ਤੇ ਬਾਣ ਤਿੰਨੇ
ਮਿੱਤਰੋ ਮੁਸ਼ਕਲਾਂ ਨਾਲ ਬਣਦੇ, ਇੱਜਤ ਮਕਾਨ ਪਛਾਣ ਤਿੰਨੇ

ਬੰਦਾ ਕਰੇ ਜੇ ਤੜਕਸਾਰ ਉੱਠ ਕੇ, ਨਾਮ ਧਿਆਨ ਇਸ਼ਨਾਨ ਤਿੰਨੇ
ਓਦੋਂ ਆਣ ਕੇ ਆਪ ਮਿਲਦੇ, ਗਿਆਨ ਭਗਵਾਨ ਸਨਮਾਨ ਤਿੰਨੇ

ਹੁੰਦੇ ਰੱਬ ਦਾ ਰੂਪ ਸੱਚੀਂ, ਬੱਚਾ ਮਾਂ ਮਹਿਮਾਨ ਤਿੰਨੇ
ਕਾਮ ਕ੍ਰੋਧ ਹੰਕਾਰ ਤੀਜਾ, ਰੱਬ ਦੇ ਰਾਹੋਂ ਭਟਕਾਣ ਤਿੰਨੇ

ਇੱਕ ਨੂਰ ਤੋਂ ਹੋਏ ਪੈਦਾ, ਹਿੰਦੂ ਸਿੱਖ ਮੁਸਲਮਾਨ ਤਿੰਨੇ
ਇੱਕ ਹੀ ਰੱਬ ਦੀ ਗੱਲ ਕਰਦੇ, ਗ੍ਰੰਥ ਸਾਹਿਬ ਗੀਤਾ ਕੁਰਾਨ ਤਿੰਨੇ

ਸ਼ੇਰ ਬਾਜ ਤੇ ਸਿੰਘ ਸੂਰੇ, ਕਦੇ ਨਾ ਜੂਠਾ ਖਾਣ ਤਿੰਨੇ
ਡਾਨਸੀਵਾਲੀਆ ਬਣੇ ਪਛਾਣ ਤੇਰੀ, ਕਲਮ ਕਵਿਤਾ ਕਲਾਮ ਤਿੰਨੇ

**ਕੁਲਵੀਰ ਸਿੰਘ ਡਾਨਸੀਵਾਲ**
778 863 2472

## ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ 'ਮੇਲਾ ਗ਼ਦਰੀ ਬਾਬਿਆਂ ਦਾ' 4 ਅਗਸਤ ਨੂੰ



**ਸਰੀ**: ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ 28ਵਾਂ 'ਮੇਲਾ ਗਦਰੀ ਬਾਬਿਆਂ ਦਾ' 4 ਅਗਸਤ 2024 ਨੂੰ ਇਸ ਵਾਰ ਸਰੀ ਦੇ ਹਾਲੈਂਡ ਪਾਰਕ ਵਿਚ ਮਨਾਇਆ ਜਾ ਰਿਹਾ ਹੈ। ਬੀਤੇ ਦਿਨ ਇਸ ਮੇਲੇ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਪੋਸਟਰ ਰਿਲੀਜ਼ ਕਰਨ ਦੀ ਰਸਮ ਡਾ. ਸਾਧੂ ਬਿਨਿੰਗ, ਸੁਖਵੰਤ ਹੁੰਦਲ ਅਤੇ ਸੋਹਣ ਸਿੰਘ ਪੂੰਨੀ ਨੇ ਅਦਾ ਕੀਤੀ। ਇਸ ਮੌਕੇ ਸ਼ਹਿਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਫਾਊਂਡੇਸ਼ਨ ਦੇ ਪ੍ਰਧਾਨ ਸਾਹਿਬ ਥਿੰਦ ਨੇ ਦੱਸਿਆ ਹੈ ਕਿ ਇਹ ਮੇਲਾ ਕੈਨੇਡਾ ਵਿਚ ਭਾਰਤੀਆਂ ਨੂੰ ਵੋਟ ਦਾ ਹੱਕ ਦਿਵਾਉਣ ਵਾਲੀਆਂ ਚਾਰ ਸ਼ਖ਼ਸੀਅਤਾਂ ਦਰਸ਼ਨ ਸਿੰਘ (ਸੰਘਾ) ਕੈਨੇਡੀਅਨ, ਹੈਰਲਡ ਪ੍ਰਿਚਟ, ਲਾਰਾ ਜੇਮੀਸਨ ਅਤੇ ਨਰਿੰਦਰ ਸਿੰਘ ਗਿੱਲ ਨੂੰ ਸਮਰਪਿਤ ਹੋਵੇਗਾ।

## 6 ਸਾਲਾਂ ਬਾਅਦ ਖੁੱਲ੍ਹਿਆ ਜਗਨਨਾਥ ਮੰਦਰ ਦਾ ਰਤਨ ਭੰਡਾਰ



ਪੁਰੀ ਦੇ ਜਗਨਨਾਥ ਮੰਦਰ ਦਾ ਰਤਨ ਭੰਡਾਰ 46 ਸਾਲਾਂ ਬਾਅਦ ਮੁੜ ਖੋਲ੍ਹਿਆ ਗਿਆ ਹੈ। ਓਡੀਸ਼ਾ ਦੇ ਪੁਰੀ 'ਚ ਸਥਿਤ 12ਵੀਂ ਸਦੀ ਦੇ ਜਗਨਨਾਥ ਮੰਦਰ ਦੇ 'ਰਤਨ ਭੰਡਾਰ' ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ। ਕਿਹਾ ਜਾਂਦਾ ਸੀ ਕਿ ਸੱਪ ਜਗਨਨਾਥ ਮੰਦਰ ਦੇ ਗਹਿਣਿਆਂ ਅਤੇ ਖਜ਼ਾਨਿਆਂ ਦੀ ਰੱਖਿਆ ਕਰਦੇ ਹਨ। ਰਤਨ ਸਟੋਰ ਤੋਂ ਅਜੀਬ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਪਰ ਜਦੋਂ 46 ਸਾਲਾਂ ਬਾਅਦ ਰਤਨਾ ਭੰਡਾਰ ਦੇ ਦਰਵਾਜ਼ੇ ਖੁੱਲ੍ਹੇ ਤਾਂ ਇਹ ਲੋਕ-ਕਥਾਵਾਂ ਅਤੇ ਕਹਾਣੀਆਂ ਸਿਰਫ਼ ਅਫ਼ਵਾਹਾਂ ਹੀ ਸਾਬਤ ਹੋਈਆਂ। ਐਤਵਾਰ ਨੂੰ ਜਦੋਂ ਰਤਨਾ ਭੰਡਾਰ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਅੰਦਰ ਇੱਕ ਵੀ ਸੱਪ ਨਹੀਂ ਮਿਲਿਆ। ਪੁਰੀ ਦੇ ਜ਼ਿਲਾ ਮੈਜਿਸਟ੍ਰੇਟ ਸਿਧਾਰਥ ਸ਼ੰਕਰ ਸਵੈਨ ਨੇ ਕਿਹਾ ਕਿ ਸਾਨੂੰ ਜਗਨਨਾਥ ਮੰਦਰ ਦੇ ਰਤਨ ਭੰਡਾਰ ਦੇ ਅੰਦਰ ਨਾ ਤਾਂ ਕੋਈ ਸੱਪ ਤੇ ਨਾ ਹੀ ਕੀੜੇ-ਮਕੌੜੇ ਸਨ।







# ਕੈਨੇਡਾ ਦੇ ਪੰਜਾਬੀ ਪਹਿਲਵਾਨਾਂ ਨੇ ਪੇਰੂ ’ਚ ਜਿੱਤੇ 5 ਤਗ਼ਮੇ



**ਐਬਟਸਫੋਰਡ:** ਪੇਰੂ ਦੀ ਰਾਜਧਾਨੀ ਲੀਮਾ ਵਿਖੇ ਹੋਏ ਅੰਡਰ 20 ਲੜਕੇ-ਲੜਕੀਆਂ ਪੈਨ ਅਮਰੀਕਨ ਚੈਂਪੀਅਨਸ਼ਿਪ ਕੁਸ਼ਤੀ ਮੁਕਾਬਲਿਆਂ ‘ਚ ਕੈਨੇਡਾ ਦੇ ਪੰਜਾਬੀ ਪਹਿਲਵਾਨਾਂ ਨੇ 3 ਚਾਂਦੀ ਤੇ 2 ਕਾਂਸੀ ਦੇ ਤਗਮੇ ਜਿੱਤ ਕੇ ਭਾਈਚਾਰੇ ਦਾ ਮਾਣ ਵਧਾਇਆ ਹੈ।

67 ਕਿਲੋਵਰਗ ਲੜਕੀਆਂ ਦੇ ਕੁਸ਼ਤੀ ਮੁਕਾਬਲੇ ‘ਚ ਐਬਟਸਫੋਰਡ ਦੀ ਪਹਿਲਵਾਨ ਰੁਪਿੰਦਰ ਕੌਰ ਜੌਹਲ ਨੇ ਚਾਂਦੀ ਦਾ ਤਗਮਾ ਜਿੱਤਿਆ ਹੈ, ਜਦਕਿ 65 ਕਿਲੋਵਰਗ ਮੁਕਾਬਲੇ ‘ਚ ਪ੍ਰਭਲੀਨ ਕੌਰ ਰੰਧਾਵਾ ਚੌਥੇ ਸਥਾਨ ‘ਤੇ ਰਹੀ, 130 ਕਿਲੋਵਰਗ ਗਰੀਕੋ ਰੋਮਨ ਕੁਸ਼ਤੀ ਮੁਕਾਬਲੇ ‘ਚ ਗੁਰੂ ਗੋਬਿੰਦ ਸਿੰਘ ਰੈਸਿਲੰਗ ਕਲੱਬ ਐਬਟਸਫੋਰਡ ਦੇ ਪਹਿਲਵਾਨ ਜ਼ੋਰਾਵਰ ਸਿੰਘ ਢੀਂਡਸਾ ਨੇ ਚਾਂਦੀ ਦਾ ਤਗਮਾ ਜਿੱਤਿਆ, ਜਦਕਿ 97 ਕਿਲੋਵਰਗ ਫਰੀ ਸਟਾਈਲ ਮੁਕਾਬਲੇ ‘ਚ ਇਸੇ ਕਲੱਬ ਦੇ ਪਹਿਲਵਾਨ ਤੇਜ਼ਵੀਰ ਸਿੰਘ ਢੀਂਡਸਾ ਨੇ ਚਾਂਦੀ ਦਾ ਤਗਮਾ ਜਿੱਤਿਆ, 86 ਕਿਲੋਵਰਗ ਮੁਕਾਬਲੇ ‘ਚ ਰੋਹਿਤ ਬੱਲ ਤੇ 70 ਕਿਲੋਵਰਗ ‘ਚ ਸਹਿਜਪਾਲ ਸਿੰਘ ਸਿੱਧੂ ਨੇ ਕਾਂਸੀ ਦਾ ਤਗਮਾ ਜਿੱਤਿਆ। ਇਸ ਪੈਨ ਅਮਰੀਕਨ ਚੈਂਪੀਅਨਸ਼ਿਪ ਕੁਸ਼ਤੀ ਮੁਕਾਬਲਿਆਂ ‘ਚ ਕੈਨੇਡਾ, ਅਮਰੀਕਾ, ਅਰਜਨਟਾਈਨਾ, ਬਰਾਜ਼ੀਲ, ਮੈਕਸੀਕੋ, ਪੀਰੂ, ਜਮਾਇਕਾ, ਐਕਵਾਡੋਰ, ਪੁਰਟੋ ਰੀਸੋ, ਕੋਲੰਬੀਆ ਤੇ ਵੈਨਜ਼ੁਏਲਾ ਦੇ ਪਹਿਲਵਾਨਾਂ ਨੇ ਹਿੱਸਾ ਲਿਆ।

# ਸਰੀ ਸੜਕ ਹਾਦਸੇ ’ਚ ਮਾਰੀ ਗਈ ਮੁਟਿਆਰ ਦੀ ਪਛਾਣ ਕੌਮਾਂਤਰੀ ਵਿਦਿਆਰਥਣ ਸਾਨੀਆ ਵਜੋਂ ਹੋਈ

**ਸਰੀ:** ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵੱਲੋਂ ਉਰਦੂ ਤੋਂ ਗੁਰਮੁਖੀ ਵਿਚ ਅਨੁਵਾਦ ਕੀਤੀਆਂ ਕਹਾਣੀਆਂ ਦੀ ਪੁਸਤਕ ‘ਜਦੋਂ ਉਹ ਨਗ਼ਮਾ ਛੇੜਦੀ ਹੈ’ ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਮੁਹੰਮਦ ਸਈਅਦ ਟਰਾਂਬੂ ਦੀਆਂ 27 ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਪੁਸਤਕ ਦੀ ਸੰਪਾਦਨਾ ਪ੍ਰਸਿੱਧ ਲੇਖਕ ਖ਼ਾਲਿਦ ਹੁਸੈਨ ਅਤੇ ਸਤੀਸ਼ ਗੁਲਾਟੀ ਵੱਲੋਂ ਕੀਤੀ ਗਈ ਹੈ।

ਸਤੀਸ਼ ਗੁਲਾਟੀ ਨੇ ਦੱਸਿਆ ਕਿ ਉਰਦੂ ਦੇ ਪ੍ਰਸਿੱਧ ਸਾਹਿਤਕਾਰ ਮੁਹੰਮਦ ਸਈਅਦ ਟਰਾਂਬੂ ਦੀਆਂ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਵਿਦਿਆਰਥੀਆਂ ਨੇ ਕੀਤਾ ਹੈ। ਵੈਨਕੂਵਰ ਵਿਚਾਰ ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਆਰਟਿਸਟ ਜਰਨੈਲ ਸਿੰਘ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਹਰਦਮ ਮਾਨ ਨੇ ਇਸ ਪੁਸਤਕ ਦੀ ਸੰਪਾਦਨਾ ਲਈ ਸਤੀਸ਼ ਗੁਲਾਟੀ ਨੂੰ ਮੁਬਾਰਕਬਾਦ ਦਿੱਤੀ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ‘ਐਕਸ’ ’ਤੇ 10 ਕਰੋੜ ਫ਼ਾਲੋਅਰਜ਼ ਹੋਏ



**ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੋਸ਼ਲ ਮੀਡੀਆ ’ਤੇ ਕਾਫੀ ਸਰਗਰਮ ਹਨ। ਉਨ੍ਹਾਂ ਦੇ ‘ਐਕਸ’ ’ਤੇ ਫ਼ਾਲੋਅਰਜ਼ ਦੀ ਗਿਣਤੀ 10 ਕਰੋੜ ਨੂੰ ਪਾਰ ਕਰ ਗਈ ਹੈ। ਪਿਛਲੇ ਤਿੰਨ ਸਾਲਾਂ ’ਚ ਤਿੰਨ ਕਰੋੜ ਨਵੇਂ ਲੋਕਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਫਾਲੋ ਕੀਤਾ ਗਿਆ ਹੈ। ਨਰਿੰਦਰ ਮੋਦੀ 2009 ਵਿਚ ਐਕਸ (ਉਦੋਂ ਟਵਿੱਟਰ) ਵਿਚ ਸ਼ਾਮਿਲ ਹੋਏ ਸਨ। ਪ੍ਰਧਾਨ ਮੰਤਰੀ ਮੋਦੀ ਦੇ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ’ਤੇ 91.2 ਮਿਲੀਅਨ ਫਾਲੋਅਰਜ਼ ਹਨ। ਉਹ ਹੁਣ ਤੱਕ ਇੰਸਟਾਗ੍ਰਾਮ ’ਤੇ 806 ਪੋਸਟਾਂ ਅਪਲੋਡ ਕਰ ਚੁੱਕੇ ਹਨ। ਇਸ ਤੋਂ ਇਲਾਵਾ ਵਟਸਐਪ ’ਤੇ ਪ੍ਰਧਾਨ ਮੰਤਰੀ ਦੇ ਚੈਨਲ ਨੂੰ 13.83 ਮਿਲੀਅਨ ਲੋਕ ਫਾਲੋ ਕਰ ਚੁੱਕੇ ਹਨ।













# ਪੈਰਿਸ ਓਲੰਪਿਕ ਵਿੱਚ 117 ਖਿਡਾਰੀ ਕਰਨਗੇ ਭਾਰਤ ਦੀ ਨੁਮਾਇੰਦਗੀ



**ਦਿੱਲੀ:** ਪੈਰਿਸ ਓਲੰਪਿਕ ਵਿੱਚ ਭਾਰਤ ਦੇ 117 ਖਿਡਾਰੀ ਹਿੱਸਾ ਲੈਣਗੇ। ਇਸ ਤੋਂ ਇਲਾਵਾ ਖੇਡ ਮੰਤਰਾਲੇ ਨੇ ਸਹਿਯੋਗੀ ਸਟਾਫ ਦੇ 140 ਮੈਂਬਰਾਂ ਨੂੰ ਵੀ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ ਵਿੱਚ ਖੇਡ ਅਧਿਕਾਰੀ ਸ਼ਾਮਲ ਹਨ।

ਓਲੰਪਿਕ ਲਈ ਕੁਆਲੀਫਾਈ ਕਰਨ ਵਾਲੇ ਖਿਡਾਰੀਆਂ ’ਚ ਸਿਰਫ ਸ਼ਾਟਪੁਟ ਅਥਲੀਟ ਆਭਾ ਖਟੂਆ ਦਾ ਨਾਂ ਸੂਚੀ ’ਚ ਸ਼ਾਮਲ ਨਹੀਂ ਹੈ।

ਲੰਡਨ ਓਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਸਾਬਕਾ ਨਿਸ਼ਾਨੇਬਾਜ਼ ਗਗਨ ਨਾਰੰਗ ਨੂੰ ਚੀਫ-ਡੀ-ਮਿਸ਼ਨ (ਇੰਚਾਰਜ) ਨਿਯੁਕਤ ਕੀਤਾ ਹੈ। ਨਾਰੰਗ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈਓਏ) ਦੇ ਮੀਤ ਪ੍ਰਧਾਨ ਵੀ ਹਨ।

ਆਭਾ ਦਾ ਨਾਂ ਨਾ ਹੋਣ ਦੇ ਬਾਵਜੂਦ ਖਿਡਾਰੀਆਂ ਦੀ ਸੂਚੀ ’ਚ ਸਭ ਤੋਂ ਵੱਧ 29 (11 ਮਹਿਲਾ ਅਤੇ 18 ਪੁਰਸ਼) ਖਿਡਾਰੀ ਅਥਲੈਟਿਕਸ ਦੇ ਹਨ। ਉਨ੍ਹਾਂ ਤੋਂ ਬਾਅਦ ਸ਼ੂਟਿੰਗ (21) ਅਤੇ ਹਾਕੀ (19) ਆਉਂਦੀ ਹੈ।

ਭਾਰਤ ਦੇ ਅੱਠ ਖਿਡਾਰੀ ਟੇਬਲ ਟੈਨਿਸ ਵਿੱਚ ਹਿੱਸਾ ਲੈਣਗੇ ਜਦਕਿ ਦੋ ਵਾਰ ਦੀ ਓਲੰਪਿਕ ਤਗ਼ਮਾ ਜੇਤੂ ਪੀਵੀ ਸਿੰਧੂ ਸਮੇਤ ਸੱਤ ਖਿਡਾਰੀ ਬੈਡਮਿੰਟਨ ਵਿੱਚ ਹਿੱਸਾ ਲੈਣਗੇ।

ਕੁਸ਼ਤੀ (6), ਤੀਰਅੰਦਾਜ਼ੀ (6) ਅਤੇ ਮੁੱਕੇਬਾਜ਼ੀ (6) ਵਿੱਚ ਛੇ-ਛੇ ਖਿਡਾਰੀ ਓਲੰਪਿਕ ਵਿੱਚ ਆਪਣੀ ਚੁਣੌਤੀ ਪੇਸ਼ ਕਰਨਗੇ। ਇਸ ਤੋਂ ਬਾਅਦ ਗੋਲਫ (4), ਟੈਨਿਸ (3) ਤੇ ਤੈਰਾਕੀ (2) ਆਉਂਦੀ ਹੈ। ਘੋੜ ਸਵਾਰੀ, ਜੂਡੋ, ਰੋਇੰਗ ਅਤੇ ਵੇਟ ਲਿਫਟਿੰਗ ਵਿੱਚ ਇੱਕ-ਇੱਕ ਖਿਡਾਰੀ ਹਿੱਸਾ ਲਵੇਗਾ।

ਸ਼ੂਟਿੰਗ ਟੀਮ ਵਿੱਚ 11 ਮਹਿਲਾ ਅਤੇ 10 ਪੁਰਸ਼ ਖਿਡਾਰੀ ਸ਼ਾਮਲ ਹਨ। ਟੇਬਲ ਟੈਨਿਸ ਵਿੱਚ, ਪੁਰਸ਼ ਅਤੇ ਮਹਿਲਾ ਦੋਵਾਂ ਵਰਗਾਂ ਵਿੱਚ ਚਾਰ-ਚਾਰ ਖਿਡਾਰੀ ਹਨ।

ਟੋਕੀਓ ਓਲੰਪਿਕ ਦੀ ਚਾਂਦੀ ਦਾ ਤਗ਼ਮਾ ਜੇਤੂ ਮੀਰਾਬਾਈ ਚਾਨੂ ਟੀਮ ਵਿੱਚ ਸ਼ਾਮਲ ਇਕਲੌਤੀ ਵੇਟਲਿਫਟਰ ਹੈ।




# ਬ੍ਰਿਟਿਸ਼ ਕੋਲੰਬੀਆ ਦੇ 6 ਕੈਬਨਿਟ ਮੰਤਰੀ ਲੈਣਗੇ ਸੰਨਿਆਸ



**ਸਰੀ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਡੇਵਿਡ ਈਬੀ ਦੀ ਵਜ਼ਾਰਤ ਦੇ ਅੱਧੀ ਦਰਜਨ ਕੈਬਨਿਟ ਮੰਤਰੀਆਂ ਨੇ ਸਿਆਸਤ ਛੱਡਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦਾ ਕਹਿਣਾ ਹੈ ਕਿ ਉਹ ਆਉਂਦੀ ਵਿਧਾਨ ਸਭਾ ਚੋਣ ਨਹੀਂ ਲੜਨਗੇ। ਸੂਬੇ ਦੀ ਖ਼ਜ਼ਾਨਾ ਮੰਤਰੀ ਕੈਟਰੀਨ ਕੌਨਰਾਏ, ਕਿਰਤ ਮੰਤਰੀ ਹੈਰੀ ਬੈਂਸ, ਵਾਤਾਵਰਨ ਮੰਤਰੀ ਜਾਰਜ਼ ਹੇਮੈਨ, ਮੂਲਵਾਸੀ ਭਲਾਈ ਮੰਤਰੀ ਮਰੇ ਰੈਕਿਨ, ਟਰਾਂਸਪੋਰਟ ਮੰਤਰੀ ਰੌਬ ਫਲੇਮਿੰਗ ਤੇ ਜੰਗਲਾਤ ਮੰਤਰੀ ਬਰੂਸ ਰਾਲਸਟਨ ਨੇ ਸਿਆਸਤ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ।

ਇਨ੍ਹਾਂ ਕੈਬਨਿਟ ਮੰਤਰੀਆਂ ਦਾ ਕਹਿਣਾ ਹੈ ਕਿ ਉਹ ਸਿਆਸਤ ‘ਚ ਨਵੇਂ ਚਿਹਰਿਆਂ ਨੂੰ ਅੱਗੇ ਆਉਣ ਦਾ ਮੌਕਾ ਦੇਣਾ ਚਾਹੁੰਦੇ ਹਨ ਤੇ ਉਹ ਆਪਣੇ ਪਰਿਵਾਰਾਂ ਨਾਲ ਸਮਾਂ ਬਿਤਾਉਣਾ ਚਾਹੁੰਦੇ ਹਨ।

ਇਸ ਤੋਂ ਇਲਾਵਾ ਸੂਬੇ ਦੀ ਸੱਤੇਧਾਰੀ ਨਿਊ ਡੈਮੋਕਰੈਟਿਕ ਪਾਰਟੀ ਦੇ 5 ਵਿਧਾਇਕਾ ਡੱਗ ਰੌਟਲੇ, ਜੈਨੀਫ਼ਰ ਰਾਈਸ, ਕੇਟਰੀਨਾ ਚੇਨ, ਫ਼ਿਨ ਡੋਨਲੀ ਤੇ ਨਿਕੋਲਸ ਸਿਮਨਜ਼ ਅਤੇ ਗ੍ਰੀਨ ਪਾਰਟੀ ਦੇ ਵਿਧਾਇਕ ਐਡਮ ਉਲਸਨ ਨੇ 19 ਅਕਤੂਬਰ ਨੂੰ ਹੋ ਰਹੀਆਂ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣ ਨਾ ਲੜਨ ਦਾ ਐਲਾਨ ਕੀਤਾ ਹੈ।

ਫਗਵਾੜਾ ਨਜ਼ਦੀਕ ਪਿੰਡ ਹਰਦਾਸਪੁਰ ਦੇ ਜੰਮਪਾਲ ਹੈਰੀ ਬੈਂਸ 5 ਵਾਰ ਬ੍ਰਿਟਿਸ਼ ਕੋਲੰਬੀਆ ਦੇ ਵਿਧਾਇਕ ਰਹੇ ਹਨ।






SW MEDIA GROUP

ਪੰਜਾਬੀ ਜਰਨਲ

DELTA OFFICE:
#3 7953 120 St. Delta
BC., V4C 6P6
Ph : 604-507-8009
Fax: 1-855-796-3342
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SW MEDIA GROUP
#13 - 11888 MELLIS DR.
RICHMOND BC
V6X 1M1
PUBLICATION MAIL
Contract/Agreement
# is 41798524

0826193 BC Ltd. dba
SW Media Group
(Punjabi Journal)
is not responsible or legally liable for any matter or typing mistake.

**Managing Director**
**KANWALJEET SINGH RANDHAWA**

**For Advertising**
**Lucky, Jaspreet, Abhi, Sabby**

**Graphic Designer**
**Ashu Kashyap**

# ਨਸ਼ੇ ਤੇ ਪਰਵਾਸ ਨੇ ਪੰਜਾਬ ਨੂੰ ਵਿਚਾਰਾ ਬਣਾਇਆ

ਇਸ ਵੇਲੇ ਦੋ ਭਰਵੇਂ ਦਰਿਆ ਪੰਜਾਬ ਵਿਚ ਵਗ ਰਹੇ ਨੇ। ਨਸ਼ਿਆਂ ਦੇ ਦਰਿਆ ਨੂੰ ਪੰਜਾਬ ਵਿਚ ਵਹਿੰਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ, ਜਦੋਂ ਕਿ ਜਵਾਨੀ ਦੇ ਵਿਦੇਸ਼ਾਂ ਵੱਲ ਰੁਝਾਨ ਨੇ ਸੱਤਵੇਂ ਦਰਿਆ ਦਾ ਰੂਪ ਧਾਰਨ ਕਰ ਲਿਆ ਹੈ। ਦੋਨਾਂ ਦਰਿਆਵਾਂ ਨੇ ਘਰਾਂ ਦੇ ਵਿਹੜਿਆਂ ਦੀ ਰੌਣਕ ਗੁੰਮ ਕਰ ਦਿੱਤੀ ਹੈ। ਗਲੀਆਂ, ਕਾਲਜ ਅਤੇ ਤਕਨੀਕੀ ਕਾਲਜਾਂ ਵਿਚ ਸੁੰਨ੍ਹ ਜਿਹੀ ਪਸਰੀ ਹੋਈ ਹੈ। "ਕਿਤੇ ਸਾਡਾ ਮੁੰਡਾ ਨਸ਼ਿਆਂ ਦੇ ਭਰ ਵਗਦੇ ਦਰਿਆ ਵਿਚ ਹੀ ਨਾ ਰੁੜ੍ਹ ਜਾਵੇ। ਕਿਤੇ ਹੋਰ ਮੁੰਡਿਆਂ ਦੇ ਧੱਕੇ ਚੜ੍ਹਕੇ ਇਹ ਵੀ....।" ਇਸ ਸੋਚ ਨਾਲ ਮਾਂ -ਬਾਪ ਕੰਬ ਉਠਦੇ ਨੇ। ਪਿੰਡ ਦੇ ਖੋਲ੍ਹਿਆਂ, ਬੇਅਬਾਦ ਥਾਵਾਂ, ਜਾਂ ਫਿਰ ਸੁੰਨ੍ਹੀਆਂ ਗਲੀਆਂ ਵਿੱਚ ਪਿੰਡ ਦੇ ਮੁੰਡਿਆਂ ਨੂੰ ਨਸ਼ੇ ਦੇ ਟੀਕੇ ਲਾਉਂਦਿਆਂ ਮਾਪੇ ਵੇਖਦੇ ਹਨ, ਤਾਂ ਉਹ ਕੰਬ ਜਾਂਦੇ ਹਨ। ਇਕਲੌਤੇ ਪੁੱਤ ਦੀ ਜਾਨ ਦੀ ਸਲਾਮਤੀ ਲਈ ਉਹ ਕਾਲਜੇ ਤੇ ਹੱਥ ਧਰਕੇ ਪੁੱਤ ਦੀ ਜਾਨ ਦੀ ਸਲਾਮਤੀ ਲਈ ਉਹ ਉਸ ਨੂੰ ਵਿਦੇਸ਼ ਭੇਜਣ ਲਈ ਸਿਰ ਤੋੜ ਯਤਨ ਕਰਦੇ ਨੇ। ਘਰ ਦੀ ਰਹਿੰਦ-ਖੂੰਹਦ, ਗਹਿਣੇ, ਇੱਕ ਦੋ ਕਿੱਲੇ ਜ਼ਮੀਨ ਗਹਿਣੇ ਕਰਕੇ ਉਹ ਪੁੱਤ ਨੂੰ ਵਿਦੇਸ਼ ਭੇਜਣ ਦਾ ਹੂਲਾ ਫਕਦੇ ਹਨ। ਅੰਦਰੋਂ ਅੰਦਰੀਂ ਉਹ ਆਪਣੇ ਆਪ ਨੂੰ ਦਿਲਾਸਾ ਵੀ ਦਿੰਦੇ ਨੇ, "ਓਹ ਜਾਣੇ, ਇਹਦਾ ਵਿਗੋਚਾ ਤਾਂ ਕਿਵੇਂ ਨਾ ਕਿਵੇਂ ਝੱਲ ਲਵਾਂਗੇ, ਪਰ ਇਹ ਇੱਥੋਂ ਦੇ ਮੌਤ ਜਾਲ ਤੋਂ ਤਾਂ ਬਚਿਆ ਰਹੂ"। ਅੰਦਾਜਨ 62.50 ਕਰੋੜ ਰੋਜ਼ਾਨਾ ਪਰਵਾਸ ਦੇ ਲੇਖੇ ਲੱਗਣ ਕਾਰਨ ਜਿੱਥੇ ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲੱਗ ਰਿਹਾ ਹੈ, ਉਥੇ ਹੀ ਪੰਜਾਬ ਦੀ ਬੌਧਿਕਤਾ, ਜਿਸਮਾਨੀ ਤਾਕਤ ਅਤੇ ਹੁਨਰ ਪੱਖੋਂ ਵੀ ਪੰਜਾਬ ਸੱਖਣਾ ਹੋ ਰਿਹਾ ਹੈ।

ਛੇਵੇਂ ਦਰਿਆ ਦੇ ਪ੍ਰਕੋਪ ਕਾਰਨ ਮਾਪਿਆਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਕਰ ਦਿੱਤੀ ਹੈ। ਘਰਾਂ ਦੇ ਚੁੱਲ੍ਹੇ ਠੰਢੇ, ਮਾਪਿਆਂ ਦੇ ਚਿਹਰੇ 'ਤੇ ਛਾਈ ਉਦਾਸੀ ਦੀ ਇਬਾਰਤ ਅਤੇ ਭਾਂਅ-ਭਾਂਅ ਕਰਦੇ ਮਕਾਨ ਉਨ੍ਹਾਂ ਨੂੰ ਵੱਢ-ਵੱਢ ਖਾਣ ਨੂੰ ਪੈਂਦੇ ਹਨ। ਨਸ਼ਾ ਛੁਡਾਊ ਕੇਂਦਰ ਦੇ ਨਿਰਦੇਸ਼ਕ ਵਜੋਂ ਅਜਿਹੇ ਮਾਪਿਆਂ ਦੀ ਬੇਵਸੀ ਵੇਖਕੇ ਰੂਹ ਕੰਬ ਜਾਂਦੀ ਸੀ। ਐਦਾਂ ਹੀ ਇੱਕ ਬਜ਼ੁਰਗ ਆਪਣੇ ਨੌਜਵਾਨ ਨਸ਼ੱਈ ਪੁੱਤ ਨੂੰ ਨਸ਼ਾ ਮੁਕਤ ਕਰਨ ਦੇ



ਮੰਤਵ ਨਾਲ ਨਸ਼ਾ ਛੁਡਾਊ ਕੇਂਦਰ ਵਿਖੇ ਲੈ ਕੇ ਆਇਆ। ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਆਉਣ ਕਾਰਨ ਅਤੇ ਬਾਪ ਪੁੱਤ ਦੀ ਚਿੰਤਾ ਕਾਰਨ ਮਰਨਹਕੀ ਹਾਲਤ ਵਿੱਚ ਸਨ।

ਨੌਜਵਾਨ ਨਸ਼ੇੜੀ ਦੀ ਕੌਂਸਲਿੰਗ ਲਈ ਮੈਂ ਆਪਣੇ ਕਰਮਚਾਰੀ ਦੀ ਡਿਊਟੀ ਲਾਈ ਅਤੇ ਆਪ, ਬਜ਼ੁਰਗ ਦਾ ਅੰਦਰਲਾ ਫਰੋਲਣ ਦਾ ਯਤਨ ਕਰਨ ਲੱਗ ਪਿਆ। ਕੁੱਝ ਮਿੰਟ ਗੱਲਾਂ ਕਰਨ ਤੋਂ ਬਾਅਦ ਬਜ਼ੁਰਗ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਵਹਿਣ ਲੱਗੇ।

ਫਿਰ ਉਸਨੇ ਗੱਚ ਭਰਕੇ ਕਿਹਾ, "ਮੇਰਾ ਦੁੱਖ ਸੁਣੋਗੇ?" ਮੇਰੇ ਹਮਦਰਦੀ ਭਰੇ ਹੁੰਗਾਰੇ ਨਾਲ ਉਸਨੇ ਮੇਰੇ ਵੱਲ ਪਿੱਠ ਕੀਤੀ. ਪਿੱਠ ਤੋਂ ਕਮੀਜ਼ ਚੁੱਕ ਕੇ ਡੁਸਕਦਿਆਂ ਕਹਿਣ ਲੱਗਿਆ, "ਇਹ ਮੇਰੀ ਪਿੱਠ ਤੇ ਲਾਸ਼ਾਂ ਦੇ ਨਿਸ਼ਾਨ ਵੇਖਦੇਂ ਹੋਂ ਨਾ। ਇਹ ਅੱਜ ਸਵੇਰੇ ਮੇਰੇ ਇਸੇ ਪੁੱਤ ਨੇ ਮੈਨੂੰ ਛੱਲੀਆਂ ਵਾਗੂੰ ਡਾਂਗ ਨਾਲ ਕੁੱਟਿਐ। ਇਹ ਨਸ਼ੇ ਲਈ ਹਜ਼ਾਰ ਰੁਪਿਆ ਮੰਗਦਾ ਸੀ। ਭਲਾਂ ਮੈਂ ਹਰ ਰੋਜ਼ ਨਸ਼ੇ ਲਈ ਕਿਥੋਂ ਦਿੰਦਾ ਐਨੀ ਰਕਮ? ਬਸ ਮੇਰੇ ਨਾਂਹ ਕਰਨ ਤੇ ਡਾਂਗ ਚੁੱਕ ਲਈ। ਇਹਦੀ ਮਾਂ ਰੋਕਣ ਵਾਸਤੇ ਆਈ, ਉਹਦੇ ਵੀ ਇੱਕ ਦੋ ਡਾਂਗਾਂ ਜੜ੍ਹ ਦਿੱਤੀਆਂ। ਉਹ ਇਹਦੇ ਦੁੱਖ ਵਿੱਚ ਮੰਜੇ ਤੇ ਪਈ ਐ। ਆਂਢ ਗੁਆਂਢ ਦੇ ਲੋਕ ਇਕੱਠੇ ਹੋ ਗਏ। ਉਨ੍ਹਾਂ ਦੇ ਸਮਝਾਉਣ ਤੇ ਇਹ ਥੋਡੇ ਕੋਲੋਂ ਦਵਾਈ ਲੈਣ ਆਇਐ। ਰੱਬ ਦਾ ਵਾਸਤਾ ਇਹਨੂੰ ਦਾਖ਼ਲ ਕਰ ਲਵੋ। ਨਹੀਂ ਫਿਰ ਸਾਡੇ ਵਿੱਚੋਂ ਇੱਕ ਅੱਧਾ ਮਰਜੂਗਾ।" ਬਜ਼ੁਰਗ ਦੀ ਹਾਲਤ ਵੇਖਕੇ ਮੁੰਡੇ ਨੂੰ ਤੁਰੰਤ ਦਾਖ਼ਲ ਕਰ ਲਿਆ। ਬਜ਼ੁਰਗ ਦੇ ਮੋਢੇ ਤੇ ਹੱਥ ਰੱਖਕੇ ਹਮਦਰਦੀ ਨਾਲ ਕਿਹਾ, "ਤੁਸੀਂ ਹੁਣ ਘਰ ਜਾਉ। ਅਸੀਂ ਇਸਨੂੰ ਨਸ਼ਾ ਮੁਕਤ ਕਰਨ ਲਈ ਪੂਰੀ ਕੋਸ਼ਿਸ਼ ਕਰਾਂਗੇ।"

ਵਾਰਡ ਵਿੱਚੋਂ ਜਿਉਂ ਹੀ ਉਸ ਨਸ਼ੱਈ ਨੌਜਵਾਨ ਦੀ ਨਜ਼ਰ ਆਪਣੇ ਜਾਂਦੇ ਬਾਪ ਤੇ ਪਈ ਤਾਂ ਉਹ ਉੱਚੀ ਆਵਾਜ਼ ਵਿੱਚ ਗੁੱਸੇ ਨਾਲ ਬੋਲਿਆ, "ਮੈਨੂੰ ਇੱਥੇ ਛੱਡ ਤੇ ਚੱਲਿਐਂ, ਆਪਣੇ ਭਣੋਈਏ ਨੂੰ ਛੇਤੀ ਆਕੇ ਲੈ ਜਾਈਂ।" ਬਜ਼ੁਰਗ ਇੰਜ ਨੀਵੀਂ ਪਾ ਕੇ ਜਾ ਰਿਹਾ ਸੀ ਜਿਵੇਂ ਉਸਨੇ ਪੁੱਤ ਨੂੰ ਜਨਮ ਦੇਕੇ ਕੋਈ ਬਹੁਤ ਮਾੜਾ ਗੁਨਾਹ ਕੀਤਾ ਹੋਵੇ।

ਇੱਕ ਹੋਰ ਨਸ਼ੇੜੀ ਨੌਜਵਾਨ ਨੂੰ ਉਸਦੇ ਮਾਪੇ ਲੈ ਕੇ ਆਏ। ਨਾਲ ਪਿੰਡ ਦੀ ਪੰਚਾਇਤ ਦੇ ਦੋ ਮੈਂਬਰ ਵੀ ਸਨ। ਆਉਂਦਿਆਂ ਹੀ ਬਾਪ ਨੇ ਭਰੇ ਮਨ ਨਾਲ ਦੱਸਿਆ, "ਨਸ਼ੇੜੀ ਪੁੱਤ ਨੇ ਅੰਤਾਂ ਦਾ ਤਪਾ ਰੱਖਿਐ ਸਾਨੂੰ। ਜਿਹੜਾ ਇਹਨੂੰ ਸਮਝਾਉਂਦੈ, ਉਹਦੇ ਗੱਲ ਪੈ ਜਾਂਦੈ। ਮੰਦਾ ਚੰਗਾ ਬੋਲਦੈ। ਪਹਿਲਾਂ ਘਰੋਂ ਚੋਰੀ ਕਰ ਕੇ ਸਾਮਾਨ ਵੇਚਦਾ ਸੀ, ਹੁਣ ਬਾਹਰੋਂ ਵੀ ਉਲਾਂਭੇ ਆਉਣੇ ਸ਼ੁਰੂ ਹੋ ਗਏ। ਸਾਡੇ ਪਿੰਡ ਕੱਪੜੇ ਦੀ ਦੁਕਾਨ ਐ। ਦੁਕਾਨਦਾਰ ਬੜਾ ਭਲਾ ਮਾਨਸ ਐ। ਉਹਨੇ ਪਿਛਲੇ ਹਫ਼ਤੇ ਇਹਨੂੰ ਰੋਕ ਕੇ ਸਮਝਾਉਣਾ ਸ਼ੁਰੂ ਕਰ ਦਿੱਤਾ। ਉਦੋਂ ਤਾਂ ਇਹ ਕੁਛ ਨਾ ਬੋਲਿਆ। ਰਾਤ ਨੂੰ ਇੱਕ ਹੋਰ ਨਸ਼ੇੜੀ ਨੂੰ ਨਾਲ ਲੈ ਕੇ ਉਹਦੀ ਦੁਕਾਨ ਦੀ ਛੱਤ ਪਾੜ ਕੇ ਦੁਕਾਨ ਨੂੰ ਅੱਗ ਲਾ ਦਿੱਤੀ। ਉੱਥੇ ਲੱਗੇ ਹੋਏ ਕੈਮਰਿਆਂ ਵਿੱਚ ਇਹਦੀ ਕਰਤੂਤ ਸਾਹਮਣੇ ਆ ਗਈ। ਪੁਲਿਸ ਕੇਸ ਬਣ ਗਿਆ। ਸੇਠ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਅਤੇ ਪੁਲਿਸ ਤੋਂ ਖਹਿੜਾ ਛੁਡਵਾਉਣ ਲਈ ਕਿੱਲਾ ਜ਼ਮੀਨ ਬੈਅ ਕਰਨੀ ਪੈ ਗਈ। ਬਾਪ ਅਤੇ ਪੰਚਾਇਤ ਮੈਂਬਰਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਰੇਖਾਵਾਂ ਸਨ, ਪਰ ਮੁੰਡੇ ਦੇ ਚਿਹਰੇ 'ਤੇ ਸ਼ਰਮਿੰਦਗੀ ਦੀ ਥਾਂ ਢੀਠਤਾ ਦੇ ਨਿਸ਼ਾਨ ਵਿਖਾਈ ਦੇ ਰਹੇ ਸਨ।

ਐਦਾਂ ਹੀ ਇੱਕ ਹੋਰ ਨਸ਼ੇੜੀ ਨੂੰ ਮਾਪੇ ਲੈ ਕੇ ਆਏ। ਪੁੱਛਣ 'ਤੇ ਬਜ਼ੁਰਗ ਨੇ ਪ੍ਰਗਟਾਵਾ ਕੀਤਾ, "ਘਰੋਂ ਜਿਹੜਾ ਕੁਝ ਵੀ ਇਹਦੇ ਹੱਥ ਲਗਦੈ, ਚੋਰੀ ਕਰ ਕੇ ਨਸ਼ਾ ਡੱਫ ਲੈਂਦੈ। ਕੱਲ੍ਹ ਅਸੀਂ ਤਾਂ ਖੇਤ ਗਏ ਹੋਏ ਸੀ। ਇਹਦੀ ਮਾਂ ਘਰ ਸੀ। ਕਣਕ ਵਾਲੇ ਢੋਲ ਦੇ ਉਪਰਲੇ ਢੱਕਣ ਨੂੰ ਅਸੀਂ ਜੰਦਰਾ ਲਾਇਆ ਹੋਇਆ ਸੀ। ਇਹਨੇ ਕਿਵੇਂ ਨਾ ਕਿਵੇਂ ਜੰਦਰਾ ਖੋਲ੍ਹਿਆ।

ਜਦੋਂ ਕਣਕ ਵਾਲੇ ਢੋਲ ਤੇ ਚੜ੍ਹਕੇ ਕੋਡਾ ਹੋ ਕੇ ਕਣਕ ਕੱਢਣ ਲੱਗਿਆਂ ਤਾਂ ਇਹ ਸਿਰ ਪਰਨੇ ਢੋਲ ਵਿੱਚ ਗਿਰ ਗਿਆ। ਇਹਦੀ ਮਾਂ ਨੂੰ ਜਦੋਂ ਖੜਕਾ ਸੁਣਿਆ ਤਾਂ ਭੱਜ ਕੇ ਆਈ। ਵੇਖਿਆ ਇਹ ਅੰਦਰ ਮੂਧੇ ਮੂੰਹ ਗਿਰਿਆ ਬਾਹਰ ਆਉਣ ਲਈ ਤਰਲੋ ਮੱਛੀ ਹੋ ਰਿਹਾ ਸੀ। ਇਹਦੀ ਮਾਂ ਨੇ ਗਲੀ ਵਿੱਚ ਰੌਲਾ ਪਾ ਕੇ ਬੰਦੇ ਇਕੱਠੇ ਕੀਤੇ, ਫਿਰ ਇਹਨੂੰ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ। ਨਹੀਂ ਤਾਂ ਕੱਲ੍ਹ ਇਹਨੇ ਮਰ ਜਾਣਾ ਸੀ।

ਐਂਦਾਂ ਦੇ ਹਰ ਰੋਜ਼ ਆ ਰਹੇ ਕੇਸਾਂ ਕਾਰਨ ਸਿਵਿਆ ਦੇ ਰਾਹ ਪਈ ਜਵਾਨੀ, ਮਾਪਿਆਂ ਦੇ ਖ਼ੂਨ ਦੇ ਵਹਿੰਦੇ ਅੱਥਰੂ ਅਤੇ ਨਸ਼ਿਆਂ ਦੇ ਵੱਧ ਰਹੇ ਮਾਰੂ ਪ੍ਰਭਾਵ ਕਾਰਨ ਸਮਾਜ ਬਿਮਾਰ ਹੈ ਅਤੇ ਬਿਮਾਰ ਸਮਾਜ ਦਾ ਭਵਿੱਖ ਹਮੇਸ਼ਾ ਹੀ ਧੁੰਦਲਾ ਹੁੰਦਾ ਹੈ।

**- ਮੋਹਨ ਸ਼ਰਮਾ**

RED SWAN
Immigration Consultancy
Licence Number : R710351
Sumit Kaur
ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸੰਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ।
Address : 8338-120 Street, Surrey, BC +1(250)910-2355

# ਪੰਜਾਬੀ ਸੱਭਿਆਚਾਰ ਦੀ ਨਹੀਂ ਕੋਈ ਰੀਸ



ਸੰਮੀ ਇੱਕ ਰਵਾਇਤੀ ਪੰਜਾਬੀ ਨਾਚ ਹੈ ਜੋ ਔਰਤਾਂ ਦੁਆਰਾ ਵਿਆਹਾਂ ਅਤੇ ਹੋਰ ਜਸ਼ਨ ਸਮਾਗਮਾਂ ਦੌਰਾਨ ਕੀਤਾ ਜਾਂਦਾ ਹੈ। ਸੰਮੀ ਇੱਕ ਸੋਲੋ ਡਾਂਸ ਹੈ ਜਿਸ ਵਿਚ ਡਾਂਸਰ ਆਪਣੀਆਂ ਖੂਬਸੂਰਤ ਹਰਕਤਾਂ ਅਤੇ ਭਾਵਪੂਰਤ ਇਸ਼ਾਰਿਆਂ ਰਾਹੀਂ ਕਹਾਣੀ ਸੁਣਾਉਂਦੀ ਹੈ। ਡਾਂਸ ਸ਼ੈਲੀ ਵਿਚ ਨਾਜ਼ੁਕ ਹੱਥਾਂ ਦੀਆਂ ਹਰਕਤਾਂ, ਪੈਰਾਂ ਦਾ ਕੰਮ ਅਤੇ ਕਤਾਈ ਸ਼ਾਮਿਲ ਹੈ।

ਪੰਜਾਬੀ ਸੱਭਿਆਚਾਰ ਭਾਸ਼ਾ, ਸੰਗੀਤ, ਨਾਚ, ਧਾਰਮਿਕ ਵਿਭਿੰਨਤਾ ਅਤੇ ਤਿਉਹਾਰਾਂ ਦੇ ਜਸ਼ਨਾਂ ਦਾ ਜੀਵੰਤ ਸੁਮੇਲ ਹੈ। ਇਹ ਲਚਕੀਲੇਪਨ, ਨਿੱਘ ਤੇ ਜੀਵਨ ਲਈ ਜੋਸ਼ ਨੂੰ ਦਰਸਾਉਂਦਾ ਹੈ। ਪੰਜਾਬ, ਭਾਰਤੀ ਉਪ-ਮਹਾਂਦੀਪ ਦੇ ਉੱਤਰ-ਪੱਛਮੀ ਹਿੱਸੇ ਵਿਚ ਸਥਿਤ, ਇਤਿਹਾਸ, ਵਿਭਿੰਨਤਾ ਅਤੇ ਜੀਵੰਤ ਸੱਭਿਆਚਾਰ ਨਾਲ ਭਰਪੂਰ ਇੱਕ ਖੇਤਰ ਹੈ। ਇੱਕ ਲੰਮੇ ਅਤੀਤ ਦੇ ਨਾਲ, ਪੰਜਾਬ ਦਾ ਸੱਭਿਆਚਾਰ ਇੱਕ ਰੰਗੀਨ ਟੇਪਸਟਰੀ ਹੈ ਜੋ ਪੁਰਾਤਨ ਸੱਭਿਅਤਾਵਾਂ, ਹਮਲਿਆਂ ਅਤੇ ਇਸ ਦੇ ਲੋਕਾਂ ਦੇ ਲਚਕੀਲੇਪਣ ਦੇ ਪ੍ਰਭਾਵਾਂ ਨਾਲ ਬੁਣਿਆ ਗਿਆ ਹੈ।

ਬਿਆਸ, ਚਨਾਬ, ਜਿਹਲਮ, ਰਾਵੀ ਅਤੇ ਸਤਲੁਜ ਦੀ ਧਰਤੀ ਪੰਜਾਬ ਦਾ ਨਾਂ ਫ਼ਾਰਸੀ ਸ਼ਬਦਾਂ "ਪੰਜ" ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ "ਪੰਜ" ਤੇ "ਆਬ" ਦਾ ਅਰਥ ਹੈ ਪਾਣੀ, ਜੋ ਇਸ ਖੇਤਰ ਵਿੱਚੋਂ ਵੱਗਦੇ ਪੰਜ ਦਰਿਆਵਾਂ- ਬਿਆਸ, ਚਨਾਬ, ਜਿਹਲਮ, ਰਾਵੀ ਅਤੇ ਸਤਲੁਜ ਦਾ ਹਵਾਲਾ ਦਿੰਦੇ ਹਨ। ਇਨ੍ਹਾਂ ਦਰਿਆਵਾਂ ਨੇ ਪੰਜਾਬ ਦੇ ਸੱਭਿਆਚਾਰਕ, ਖੇਤੀਬਾੜੀ ਤੇ ਸਮਾਜਿਕ ਤਾਣੇ-ਬਾਣੇ ਨੂੰ ਢਾਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

**ਬੜਾ ਮਹੱਤਵਪੂਰਨ ਖੇਤੀਬਾੜੀ ਖਿੱਤਾ:**

ਪੰਜਾਬ ਇੱਕ ਮਹੱਤਵਪੂਰਨ ਖੇਤੀਬਾੜੀ ਖੇਤਰ ਵਜੋਂ ਉਭਰਿਆ, ਖ਼ਾਸ ਤੌਰ 'ਤੇ 1960 ਦੇ ਦਹਾਕੇ ਦੇ ਮੱਧ ਤੋਂ 1970 ਦੇ ਦਹਾਕੇ ਦੇ ਮੱਧ ਤੱਕ ਹਰੀ ਕ੍ਰਾਂਤੀ ਤੋਂ ਬਾਅਦ, ਅਤੇ ਇਸ ਨੂੰ "ਭਾਰਤ ਅਤੇ ਪਾਕਿਸਤਾਨ ਦੋਵਾਂ ਦੀ ਰੋਟੀ ਦੀ ਟੋਕਰੀ" ਵਜੋਂ ਦਰਸਾਇਆ ਗਿਆ ਹੈ। ਖੇਤੀਬਾੜੀ ਅਤੇ ਵਪਾਰ ਲਈ ਜਾਣੇ ਜਾਣ ਤੋਂ ਇਲਾਵਾ, ਪੰਜਾਬ ਇੱਕ ਅਜਿਹਾ ਖੇਤਰ ਵੀ ਹੈ ਜਿਸ ਨੇ ਸਦੀਆਂ ਤੋਂ ਕਈ ਵਿਦੇਸ਼ੀ ਹਮਲਿਆਂ ਦਾ ਅਨੁਭਵ ਕੀਤਾ ਹੈ ਅਤੇ ਨਤੀਜੇ ਵਜੋਂ ਯੁੱਧ ਦਾ ਇੱਕ ਲੰਮਾ ਇਤਿਹਾਸ ਹੈ, ਕਿਉਂਕਿ ਪੰਜਾਬ ਉੱਤਰ-ਪੱਛਮੀ ਸਰਹੱਦ ਰਾਹੀਂ ਹਮਲਿਆਂ ਦੇ ਮੁੱਖ ਮਾਰਗ 'ਤੇ ਸਥਿਤ ਹੈ। ਭਾਰਤੀ ਉਪ-ਮਹਾਂਦੀਪ, ਜਿਸ ਨੇ ਇੱਕ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਿਸ ਵਿਚ ਜ਼ਮੀਨ ਦੀ ਰੱਖਿਆ ਲਈ ਯੁੱਧ ਵਿੱਚ ਸ਼ਾਮਿਲ ਹੋਣਾ ਸ਼ਾਮਿਲ ਸੀ। ਯੋਧਾ ਸੱਭਿਆਚਾਰ ਆਮ ਤੌਰ 'ਤੇ ਭਾਈਚਾਰੇ ਦੇ ਸਨਮਾਨ (ਇੱਜ਼ਤ) ਦੇ ਮੁੱਲ ਨੂੰ ਉੱਚਾ ਚੁੱਕਦਾ ਹੈ, ਜਿਸਦਾ ਪੰਜਾਬੀਆਂ ਦੁਆਰਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ।

**ਪੰਜਾਬੀ ਭਾਸ਼ਾ:**

ਪੰਜਾਬੀ ਇੰਡੋ-ਯੂਰਪੀਅਨ ਭਾਸ਼ਾ ਪਰਿਵਾਰ ਨਾਲ ਸਬੰਧਤ ਹੈ ਤੇ ਹੋਰ ਬਹੁਤ ਸਾਰੀਆਂ ਇੰਡੋ-ਆਰੀਅਨ ਭਾਸ਼ਾਵਾਂ ਵਾਂਗ ਸੰਸਕ੍ਰਿਤ ਤੋਂ ਲਿਆ ਗਿਆ ਹੈ। ਇਹ ਖਿੱਤੇ ਦੀਆਂ ਹੋਰ ਭਾਸ਼ਾਵਾਂ ਜਿਵੇਂ ਕਿ ਹਿੰਦੀ ਅਤੇ ਉਰਦੂ ਨਾਲ ਸਮਾਨਤਾਵਾਂ ਸਾਂਝੀਆਂ ਕਰਦਾ ਹੈ ਪਰ ਇਸ ਦੇ ਵੱਖੋ-ਵੱਖਰੇ ਧੁਨੀ ਵਿਗਿਆਨ, ਸ਼ਬਦਾਵਲੀ ਅਤੇ ਲਿਪੀ ਹੈ। ਪੰਜਾਬੀ ਭਾਸ਼ਾ ਸਦੀਆਂ ਪੁਰਾਣੀ ਆਪਣੀ ਅਮੀਰ ਸਾਹਿਤਕ ਪਰੰਪਰਾ ਲਈ ਜਾਣੀ ਜਾਂਦੀ ਹੈ। ਇਸ ਦੀ ਲੋਕ ਸਾਹਿਤ, ਕਵਿਤਾ ਤੇ ਧਾਰਮਿਕ ਗ੍ਰੰਥਾਂ ਦੇ ਭੰਡਾਰ ਨਾਲ ਇੱਕ ਮਜ਼ਬੂਤ ਮੌਖਿਕ ਅਤੇ ਲਿਖਤੀ ਪਰੰਪਰਾ ਹੈ।

**ਪੰਜਾਬੀ ਲਿਪੀ:**

ਪੰਜਾਬੀ ਲਿਪੀ ਸਮੇਂ ਦੇ ਨਾਲ ਵਿਕਸਿਤ ਹੋਈ ਹੈ। ਇਤਿਹਾਸਕ ਤੌਰ 'ਤੇ ਪੰਜਾਬੀ ਗੁਰਮੁਖੀ ਲਿਪੀ ਦੀ ਵਰਤੋਂ ਕਰਕੇ ਲਿਖੀ ਗਈ ਸੀ, ਜੋ ਕਿ 16ਵੀਂ ਸਦੀ ਵਿਚ ਸਿੱਖ ਗੁਰੂਆਂ ਦੁਆਰਾ ਵਿਕਸਤ ਕੀਤੀ ਗਈ ਸੀ। ਗੁਰਮੁਖੀ ਖੱਬੇ ਤੋਂ ਸੱਜੇ ਲਿਖੀ ਜਾਂਦੀ ਹੈ ਅਤੇ ਵਿਅੰਜਨ ਅਤੇ ਸਵਰਾਂ ਨੂੰ ਦਰਸਾਉਣ ਵਾਲੇ 35 ਵੱਖ-ਵੱਖ ਅੱਖਰਾਂ ਦੀ ਬਣੀ ਹੋਈ ਹੈ। ਇਹ ਅੱਜ ਵੀ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ, ਖ਼ਾਸ ਕਰਕੇ ਭਾਰਤ ਵਿਚ ਜਿੱਥੇ ਬਹੁਗਿਣਤੀ ਪੰਜਾਬੀ ਬੋਲਦੇ ਹਨ।

**ਪੰਜਾਬੀ ਬੋਲੀ:**

ਪੰਜਾਬੀ ਬੋਲੀ ਇੱਕ ਵੱਡੀ ਗਿਣਤੀ ਵਿਚ ਬੋਲੀ ਜਾਣ ਵਾਲੀ ਇੱਕ ਖੇਤਰੀ ਭਾਸ਼ਾ ਹੋਣ ਦੇ ਨਾਤੇ, ਵੱਖ-ਵੱਖ ਉਪ-ਭਾਸ਼ਾਵਾਂ ਅਤੇ ਵੰਨਗੀਆਂ ਹਨ। ਪ੍ਰਮੁੱਖ ਉਪ-ਭਾਸ਼ਾਵਾਂ ਵਿਚ ਮਾਝੀ (ਲਾਹੌਰ ਅਤੇ ਅੰਮ੍ਰਿਤਸਰ ਸਮੇਤ ਮੱਧ ਪੰਜਾਬ ਵਿਚ ਬੋਲੀ ਜਾਂਦੀ ਹੈ),ਦੁਆਬੀ (ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਦੁਆਬਾ ਖੇਤਰ ਵਿਚ ਬੋਲੀ ਜਾਂਦੀ ਹੈ), ਮਲਵਈ (ਪੰਜਾਬ ਦੇ ਮਾਲਵਾ ਖੇਤਰ ਵਿਚ ਬੋਲੀ ਜਾਂਦੀ ਹੈ) ਅਤੇ ਪੋਠੋਹਾਰੀ (ਪੋਠੋਹਾਰ ਵਿਚ ਬੋਲੀ ਜਾਂਦੀ ਹੈ) ਸ਼ਾਮਿਲ ਹਨ। ਪਾਕਿਸਤਾਨ ਵਿਚ ਪਠਾਰ) ਹਰੇਕ ਉਪ-ਭਾਸ਼ਾ ਦਾ ਆਪਣਾ ਵਿਲੱਖਣ ਉਚਾਰਨ, ਸ਼ਬਦਾਵਲੀ ਅਤੇ ਭਾਸ਼ਾਈ ਸੂਖਮਤਾ ਹੁੰਦੀ ਹੈ। ਹਾਲ ਹੀ ਦੇ ਸਾਲਾਂ ਵਿਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੁਚੇਤ ਯਤਨ ਕੀਤੇ ਗਏ ਹਨ। ਸਿੱਖਿਆ, ਮੀਡੀਆ ਅਤੇ ਸੱਭਿਆਚਾਰਕ ਪਹਿਲਕਦਮੀਆਂ ਰਾਹੀਂ ਪੰਜਾਬੀ ਨੂੰ ਸੰਭਾਲਣ ਅਤੇ ਸੁਰਜੀਤ ਕਰਨ ਦੇ ਯਤਨ ਕੀਤੇ ਗਏ ਹਨ।

**ਲੋਕ ਨਾਚ:**

ਪੰਜਾਬ ਆਪਣੇ ਜੀਵੰਤ ਲੋਕ ਨਾਚਾਂ ਲਈ ਮਸ਼ਹੂਰ ਹੈ। ਭੰਗੜਾ, ਇੱਕ ਉੱਚ-ਊਰਜਾ ਵਾਲਾ ਨਾਚ ਰੂਪ ਜੋ ਜ਼ੋਰਦਾਰ ਹਰਕਤਾਂ ਅਤੇ ਤਾਲਬੱਧ ਫੁਟਵਰਕ ਦੁਆਰਾ ਦਰਸਾਇਆ ਗਿਆ ਹੈ,ਨੇ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ। ਪੰਜਾਬੀਆਂ ਇੱਕ ਹੋਰ ਪ੍ਰਸਿੱਧ ਨਾਚ ਗਿੱਧਾ ਹੈ, ਜੋ ਔਰਤਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ, ਜੋ ਉਤਸ਼ਾਹ ਅਤੇ ਸੁੰਦਰਤਾ ਨੂੰ ਦਰਸਾਉਂਦਾ ਹੈ।

**ਭੰਗੜਾ:**

ਭੰਗੜਾ ਸਭ ਤੋਂ ਮਸ਼ਹੂਰ ਅਤੇ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਪੰਜਾਬੀ ਸੱਭਿਆਚਾਰ ਨਾਚ ਰੂਪ ਹੈ। ਇਹ ਇੱਕ ਵਾਢੀ ਦੇ ਨਾਚ ਵਜੋਂ ਉਤਪੰਨ ਹੋਇਆ ਹੈ ਅਤੇ ਇੱਕ ਪ੍ਰਸਿੱਧ ਸੱਭਿਆਚਾਰਕ ਨਾਚ ਵਿਚ ਵਿਕਸਤ ਹੋਇਆ ਹੈ। ਭੰਗੜੇ ਦੀ ਵਿਸ਼ੇਸ਼ਤਾ ਜ਼ੋਰਦਾਰ ਹਰਕਤਾਂ, ਊਰਜਾਵਾਨ ਛਾਲ, ਅਤੇ ਸਮਕਾਲੀ ਫੁੱਟਵਰਕ ਦੁਆਰਾ ਕੀਤੀ ਜਾਂਦੀ ਹੈ। ਇਹ ਆਮ ਤੌਰ 'ਤੇ ਢੋਲ ਦੀਆਂ ਬੀਟਾਂ 'ਤੇ ਪੇਸ਼ ਕੀਤਾ ਜਾਂਦਾ ਹੈ, ਇੱਕ ਰਵਾਇਤੀ ਪੰਜਾਬੀ ਢੋਲ। ਮਰਦ ਆਮ ਤੌਰ 'ਤੇ ਰੰਗੀਨ ਦਸਤਾਰਾਂ, ਅਤੇ ਕੁੜ੍ਹਤਾ-ਪਜਾਮਾ (ਰਵਾਇਤੀ ਪਹਿਰਾਵਾ) ਪਹਿਨਦੇ ਹਨ ਅਤੇ ਆਪਣੀ ਤਾਕਤ ਅਤੇ ਜੀਵਨ ਸ਼ਕਤੀ ਨੂੰ ਦਰਸਾਉਂਦੇ ਹੋਏ ਸ਼ਕਤੀਸ਼ਾਲੀ ਚਾਲ ਚਲਾਉਂਦੇ ਹਨ।

ਇਸ ਤਰ੍ਹਾਂ ਇਹ ਲੋਕ ਨਾਚ ਪੰਜਾਬੀ ਸੱਭਿਆਚਾਰ ਦੀ ਪਛਾਣ ਕਰਵਾਉਂਦਾ ਹੈ। ਇਹ ਲੋਕ-ਨਾਚ ਜਿਥੇ ਪੰਜਾਬੀਆਂ ਵਿਚ ਇੱਕ ਨਵਾਂ ਜੋਸ਼ ਤੇ ਊਰਜਾ ਭਰ ਦਿੰਦਾ ਹੈ ਉਥੇ ਇਹ ਪੰਜਾਬੀ ਲੋਕਾਂ ਦੀ ਵਿਸ਼ਵ ਭਰ ਵਿਚ ਵੱਖਰੀ ਪਛਾਣ ਦਾ ਵੀ ਪ੍ਰਤੀਕ ਬਣ ਕੇ ਵੀ ਉਭਰਦਾ ਹੈ।

**ਗਿੱਧਾ:**

ਗਿੱਧਾ ਪੰਜਾਬੀ ਸੱਭਿਆਚਾਰ ਰਵਾਇਤੀ ਨਾਚ ਹੈ ਜੋ ਵਿਸ਼ੇਸ਼ ਤੌਰ 'ਤੇ ਔਰਤਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਹ ਆਪਣੀਆਂ ਸ਼ਾਨਦਾਰ ਅਤੇ ਸ਼ਾਨਦਾਰ ਹਰਕਤਾਂ ਲਈ ਜਾਣਿਆ ਜਾਂਦਾ ਹੈ। ਗਿੱਧਾ ਅਕਸਰ ਲੋਹੜੀ ਅਤੇ ਤੀਜ ਵਰਗੇ ਤਿਉਹਾਰਾਂ ਦੌਰਾਨ ਕੀਤਾ ਜਾਂਦਾ ਹੈ।

ਨੱਚਣ ਵਾਲੇ ਇੱਕ ਚੱਕਰ ਬਣਾਉਂਦੇ ਹਨ ਅਤੇ ਇਸ਼ਾਰਿਆਂ ਅਤੇ ਚਿਹਰੇ ਦੇ ਹਾਵ-ਭਾਵਾਂ ਦੁਆਰਾ ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ ਜੀਵੰਤ ਅਤੇ ਤਾਲਬੱਧ ਤਾੜੀਆਂ ਵਿਚ ਸ਼ਾਮਿਲ ਹੁੰਦੇ ਹਨ। ਨਾਚ ਲੋਕ ਗੀਤਾਂ ਦੇ ਨਾਲ ਹੁੰਦਾ ਹੈ ਅਤੇ ਔਰਤਾਂ ਰੰਗੀਨ ਰਵਾਇਤੀ ਪਹਿਰਾਵਾ ਪਹਿਨਦੀਆਂ ਹਨ, ਜਿਸ ਵਿਚ ਜੀਵੰਤ ਸਲਵਾਰ ਕਮੀਜ਼ ਅਤੇ ਦੁਪੱਟੇ ਸ਼ਾਮਿਲ ਹਨ। ਸਾਉਣ ਦੇ ਮਹੀਨੇ ਵਿਚ ਪਹਿਲਾਂ ਕੁੜੀਆਂ ਬੜੇ ਚਾਵਾਂ ਅਤੇ ਉਤਸ਼ਾਹ ਨਾਲ ਗਿੱਧਾ ਪਾਉਂਦੀਆਂ ਸਨ ਅਤੇ ਘਰਾਂ ਵਿਚ ਪੂੜ੍ਹੇ ਤਿਆਰ ਕੀਤੇ ਜਾਂਦੇ ਅਤੇ ਖੀਰਾਂ ਖਾਧੀਆਂ ਜਾਂਦੀਆਂ ਸਨ।

**-ਦਵਿੰਦਰ ਕੌਰ ਖੁਸ਼ ਧਾਲੀਵਾਲ**



# ਅਮਰੀਕਾ ਦੇ ਬੰਦੂਕ ਸੱਭਿਆਚਾਰ ਨੇ ਮਚਾਈ ਤਬਾਹੀ

ਸੰਸਾਰ ਵਿਚ ਸ਼ਾਂਤੀ ਸਥਾਪਤ ਕਰਨ ਦੇ ਦਮਗਜੇ ਮਾਰਨ ਵਾਲਾ ਅਮਰੀਕਾ ਆਪਣੇ ਉੱਥੇ ਹੋ ਰਹੀਆਂ ਹਿੰਸਕ ਕਾਰਵਾਈਆਂ 'ਤੇ ਕਾਬੂ ਪਾਉਣ ਵਿਚ ਅਸਮਰੱਥ ਸਾਬਿਤ ਹੋ ਰਿਹਾ ਹੈ।

ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਨੌਜਵਾਨ ਬੇਰੁਜ਼ਗਾਰੀ ਕਰਕੇ ਮਾਨਸਿਕ ਘਬਰਾਹਟ ਵਿਚ ਹਨ। ਇਸ ਕਰਕੇ ਉੱਥੋਂ ਦੇ ਨਾਗਰਿਕਾਂ ਵਿਚ ਅਸੰਤੁਸ਼ਟੀ ਹੈ। ਤਾਜ਼ਾ ਘਟਨਾਕ੍ਰਮ ਵਿਚ ਰਿਪਬਲਿਕਨ ਪਾਰਟੀ ਦੇ ਸੰਭਾਵੀ ਰਾਸ਼ਟਰਪਤੀ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਕਾਤਲਾਨਾ ਹਮਲਾ ਹੋਇਆ ਹੈ। ਡੋਨਾਲਡ ਟਰੰਪ ਨੂੰ ਘਾਗ ਸਿਆਸਤਦਾਨ ਕਿਹਾ ਜਾਂਦਾ ਹੈ। ਉਹ 8 ਨਵੰਬਰ 2016 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਚੁਣੇ ਗਏ ਸਨ। ਨਵੰਬਰ 2020 ਵਿਚ ਉਹ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ ਆਪਣੀ ਸਰਪ੍ਰਸਤੀ ਹੇਠ ਜ਼ਬਰਦਸਤ ਇਕੱਠ ਕਰਕੇ ਬਾਇਡਨ ਦੀ ਚੋਣ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਅਮਰੀਕਾ ਦੇ ਕਾਨੂੰਨ ਗੰਨ ਕਲਚਰ ਨੂੰ ਹੁਰਾਰਾ ਦਿੰਦੇ ਹਨ ਜਿਸ ਕਰਕੇ ਉੱਥੇ ਹਿੰਸਕ ਘਟਨਾਵਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ 51 ਰਾਜਾਂ 'ਚੋਂ ਹਰ ਰੋਜ਼ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਸੰਸਾਰ 'ਚ ਜਿੰਨੀਆਂ ਵੀ ਦੇਸ਼ਾਂ ਦੀਆਂ ਆਪਸ 'ਚ ਜੰਗਾਂ ਲੱਗਦੀਆਂ ਹਨ ਤਾਂ ਅਮਰੀਕਾ ਇਕ ਪਾਸੇ ਖੜ੍ਹ ਜਾਂਦਾ ਹੈ। ਕਈ ਵਾਰ ਤਾਂ ਵੀਟੋ ਵਰਤ ਕੇ ਆਪਣੀ ਮਨਮਾਨੀ ਕਰਦਾ ਹੈ। ਪ੍ਰੰਤੂ ਖ਼ੁਦ ਨੂੰ ਸੰਭਾਲ ਨਹੀਂ ਸਕਦਾ। ਉਅਮਰੀਕਾ ਵਿਚ ਨਸਲੀ ਵਿਤਕਰਿਆਂ 'ਚ ਵੀ ਵਾਧਾ ਹੋ ਰਿਹਾ ਹੈ ਜਿਸ ਦਾ ਸੇਕ ਪੰਜਾਬੀਆਂ ਖ਼ਾਸ ਤੌਰ 'ਤੇ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ। ਟਰੰਪ ਤੋਂ ਪਹਿਲਾਂ ਅਮਰੀਕਾ ਦੇ 11 ਰਾਸ਼ਟਰਪਤੀਆਂ 'ਤੇ ਕਾਤਲਾਨਾ ਹਮਲੇ ਹੋ ਚੁੱਕੇ ਹਨ। ਟਰੰਪ 12ਵੇਂ ਰਾਸ਼ਟਰਪਤੀ ਹਨ ਜਿਨ੍ਹਾਂ 'ਤੇ ਕਾਤਲਾਨਾ ਹਮਲਾ ਹੋਇਆ ਹੈ। ਅਮਰੀਕਾ ਦੇ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਗੰਨ ਖ਼ਰੀਦ ਸਕਦਾ ਹੈ। ਉਸ ਨੂੰ ਕੋਈ ਲਾਇਸੈਂਸ ਬਗੈਰਾ ਲੈਣ ਦੀ ਲੋੜ ਨਹੀਂ ਤੇ ਨਾ ਹੀ ਉਸ ਦੇ ਚਰਿੱਤਰ ਦੀ ਕੋਈ ਪੁਲਿਸ ਵੈਰੀਫਿਕੇਸ਼ਨ ਦੀ ਲੋੜ ਹੁੰਦੀ ਹੈ। ਬੱਚੇ ਵੀ ਬੰਦੂਕ ਖ਼ਰੀਦ ਸਕਦੇ ਹਨ। ਇਸ ਕਰਕੇ ਹੀ ਲਗਪਗ ਹਰ ਰੋਜ਼ ਕਿਸੇ ਨਾ ਕਿਸੇ ਰਾਜ 'ਚ ਹਿੰਸਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਜਿਸ ਦਿਨ ਡੋਨਾਲਡ ਟਰੰਪ 'ਤੇ ਹਮਲਾ ਹੋਇਆ, ਉਸੇ ਦਿਨ ਨਾਈਟ ਕਲੱਬ 'ਚ 4 ਵਿਅਕਤੀ ਅਤੇ




ਇਕ ਹੋਰ ਥਾਂ ਤਿੰਨ ਵਿਅਕਤੀ, ਕੁੱਲ 7 ਲੋਕ ਵੱਖ-ਵੱਖ ਹਮਲਿਆਂ 'ਚ ਮਾਰੇ ਗਏ।

ਇੱਥੋਂ ਤੱਕ ਕਿ ਸਕੂਲਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਤੇ ਸਾਥੀਆਂ ਨੂੰ ਸਕੂਲਾਂ ਵਿਚ ਗੋਲ਼ੀਆਂ ਮਾਰ ਕੇ ਕਤਲ ਕਰ ਦਿੰਦੇ ਹਨ। ਵਿਦਿਆਰਥੀ ਸਕੂਲਾਂ ਵਿਚ ਖਿਡੌਣਿਆਂ ਦੀ ਤਰ੍ਹਾਂ ਬੰਦੂਕਾਂ ਆਮ ਲਈ ਫਿਰਦੇ ਹਨ। ਇੱਥੋਂ ਤੱਕ ਕਿ ਬੱਚਿਆਂ ਦੇ ਜਨਮ ਦਿਨ ਉੱਤੇ ਉਨ੍ਹਾਂ ਦੇ ਮਾਪੇ ਤੇ ਹੋਰ ਰਿਸ਼ਤੇਦਾਰ ਬੰਦੂਕਾਂ ਤੋਹਫ਼ੇ ਵਜੋਂ ਦਿੰਦੇ ਹਨ। ਸੰਨ 2019 ਵਿਚ ਜਦੋਂ ਸਕੂਲਾਂ ਵਿਚ ਹੋਣ ਵਾਲੀਆਂ ਘਟਨਾਵਾਂ ਕਰਕੇ ਗੰਨ ਖ਼ਰੀਦਣ ਦੇ ਕਾਨੂੰਨ ਬਣਾਉਣ ਦੀ ਗੱਲ ਚੱਲੀ ਸੀ ਤਾਂ ਗੰਨ ਲਾਬੀ ਨੇ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਲਈ ਬੰਦੂਕਾਂ ਖ਼ਰੀਦਣ ਦੀ ਸਲਾਹ ਦਿੱਤੀ ਸੀ। ਅਮਰੀਕਾ ਦੀ ਗੰਨ ਲਾਬੀ ਇੰਨੀ ਭਾਰੂ ਹੈ ਕਿ ਕੋਈ ਵੀ ਸਿਆਸੀ ਪਾਰਟੀ ਗੰਨ ਖ਼ਰੀਦਣ ਲਈ ਕਾਨੂੰਨ ਬਣਾਉਣ ਦੀ ਹਿੰਮਤ ਹੀ ਨਹੀਂ ਕਰਦੀ। ਹਾਲਾਂਕਿ ਉਨ੍ਹਾਂ ਦੇ ਦੇਸ਼ ਵਿਚ ਹਿੰਸਕ ਘਟਨਾਵਾਂ ਲਗਾਤਾਰ ਵਧੀ ਜਾ ਰਹੀਆਂ ਹਨ। ਡੋਨਾਲਡ ਟਰੰਪ 'ਤੇ ਕਾਤਲਾਨਾ ਹਮਲਾ ਪੈਨੇਸਲਵੇਨੀਆ ਰਾਜ ਵਿਚ ਬਟਲਰ ਕਾਊਂਟੀ ਵਿਚ ਹੋਇਆ। ਹਮਲਾ ਕਰਨ ਵਾਲਾ 20 ਸਾਲਾ ਥਾਮਸ ਮੈਥਿਊ ਕਰੁਕਸ ਰਿਪਬਲਿਕਨ ਪਾਰਟੀ ਦਾ ਮੈਂਬਰ ਸੀ। ਉਸ ਨੇ 300 ਫੁੱਟ ਉੱਚੀ ਥਾਂ ਤੋਂ ਬੈਠ ਕੇ ਏਆਰ15 ਸੈਮੀ ਆਟੋਮੈਟਿਕ ਅਸਾਲਟ ਰਾਈਫਲ ਨਾਲ ਨਿਸ਼ਾਨਾ ਸੇਧਿਆ ਸੀ ਜਦੋਂ ਟਰੰਪ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਸੀ। ਤਾੜ-ਤਾੜ ਗੋਲ਼ੀਆਂ ਚੱਲਣ ਨਾਲ ਰੈਲੀ ਵਿਚ ਸਨਸਨੀ ਫੈਲ ਗਈ। ਪ੍ਰੰਤੂ ਡੋਨਲਡ ਟਰੰਪ ਦੀ ਖ਼ੁਸ਼ਕਿਸਮਤੀ ਰਹੀ ਕਿ ਉਹ ਵਾਲ-ਵਾਲ ਬਚ ਗਏ ਤੇ ਗੋਲ਼ੀ ਉਨ੍ਹਾਂ ਦੇ ਸੱਜੇ ਕੰਨ ਨੂੰ ਜ਼ਖਮੀ ਕਰਦੀ ਹੋਈ ਅੱਗੇ ਲੰਘ ਗਈ। ਇਸ ਨੂੰ ਚਮਤਕਾਰੀ ਬਚਾਅ ਕਿਹਾ ਜਾ ਸਕਦਾ ਹੈ।

ਗੋਲ਼ੀ ਲੱਗਣ ਤੋਂ ਬਾਅਦ ਜਦੋਂ ਸੁਰੱਖਿਆ ਦਸਤੇ ਟਰੰਪ ਨੂੰ ਬਾਹਰ ਲਿਜਾ ਰਹੇ ਸਨ ਤਾਂ ਟਰੰਪ ਉੱਚੀ ਉੱਚੀ ਬੜ੍ਹਕਾਂ ਮਾਰ ਰਹੇ ਸਨ। ਇਸ ਘਟਨਾ ਵਿਚ ਦੋ ਹੋਰ ਵਿਅਕਤੀ ਜ਼ਖਮੀ ਹੋ ਗਏ ਸਨ ਜਿਨ੍ਹਾਂ 'ਚੋਂ ਇਕ ਵਿਅਕਤੀ ਕੋਰੀ ਕੰਪੇਰਟੇਰ ਮਾਰਿਆ ਗਿਆ। ਕਾਤਲ ਦੀ ਕਾਰ ਵਿੱਚੋਂ ਵਿਸਫੋਟਕ ਪਦਾਰਥ ਬਰਾਮਦ ਹੋਇਆ ਹੈ। ਹਮਲਾਵਰ ਪੈਨੇਸਲਵੇਨੀਆ ਦਾ ਰਹਿਣ ਵਾਲਾ ਸੀ। ਉਸ ਨੇ 2022 ਵਿਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ ਅਤੇ ਕੌਮੀ ਗਣਿਤ ਤੇ ਸਾਇੰਸ ਦਾ 500 ਡਾਲਰ ਦਾ 'ਇਨੀਸ਼ੀਏਟਿਵ ਸਟਾਰ ਐਵਾਰਡ' ਹੋਰ ਵਿਦਿਆਰਥੀਆਂ ਨਾਲ ਪ੍ਰਾਪਤ ਕੀਤਾ ਸੀ। ਕਾਤਲ ਨੂੰ ਪੁਲਿਸ ਦੀ ਸੀਕਰੈਟ ਸਰਵਿਸ ਨੇ ਮੌਕੇ 'ਤੇ ਹੀ ਮਾਰ ਦਿੱਤਾ। ਹਮਲਾ ਕਰਨ ਦੇ ਕਾਰਨਾਂ ਦੀ ਜਾਂਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਕਰ ਰਹੀ ਹੈ। ਸੰਨ 1981 ਵਿਚ ਰੋਨਾਲਡ ਰੀਗਨ 'ਤੇ ਹੋਏ ਹਮਲੇ ਤੋਂ 24 ਸਾਲ ਬਾਅਦ ਇਹ ਵੱਡੀ ਘਟਨਾ ਵਾਪਰੀ ਹੈ।

ਸਭ ਤੋਂ ਪਹਿਲਾ ਹਮਲਾ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਇਬਰਾਹੀਮ ਲਿੰਕਨ 'ਤੇ 14 ਅਪ੍ਰੈਲ 1865 ਨੂੰ ਫੋਰਡ ਥੀਏਟਰ ਵਿਚ ਹੋਇਆ ਸੀ। ਇਹ ਹਮਲਾ ਜੌਹਨ ਵਿਲਕੀਸ ਬੂਥ ਨੇ ਇਬਰਾਹਿਮ ਲਿੰਕਨ ਵੱਲੋਂ ਕਾਲੇ ਲੋਕਾਂ ਦੇ ਹੱਕਾਂ ਦੀ ਸੁਪੋਰਟ ਕਰਨ ਕਰਕੇ ਕੀਤਾ ਸੀ ਜਿਸ ਵਿਚ ਰਾਸ਼ਟਰਪਤੀ ਲਿੰਕਨ ਮਾਰੇ ਗਏ ਸਨ। ਕਾਤਲ ਵੀ 26 ਅਪ੍ਰੈਲ 1865 ਨੂੰ ਮਾਰਿਆ ਗਿਆ ਸੀ।

ਜੇਮਜ਼ ਗੇਰਫੀਲਡ ਜੋ 20ਵੇਂ ਰਾਸ਼ਟਰਪਤੀ ਸਨ, ਉਨ੍ਹਾਂ ਉੱਪਰ 2 ਜੁਲਾਈ 1881 ਨੂੰ ਵਾਸ਼ਿੰਗਟਨ ਟਰੇਨ ਸਟੇਸ਼ਨ ਵਿਖੇ ਚਾਰਲਸ ਗੁਟੇਊ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਦੇ ਜ਼ਖ਼ਮਾਂ ਵਿਚ ਇਨਫੈਕਸ਼ਨ ਹੋਣ ਤੋਂ ਬਾਅਦ ਸਤੰਬਰ 1881 'ਚ ਉਹ ਸਵਰਗ ਸਿਧਾਰ ਗਏ ਸਨ। ਛੇ ਸਤੰਬਰ 1901 ਨੂੰ ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਨਿਲੇ 'ਤੇ ਨਿਊਯਾਰਕ ਦੇ ਬੁਫੈਲੋ ਵਿਖੇ ਲਿਓਨ ਜੋਲਕੋਜ਼ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਚਾਰ ਦਿਨ ਬਾਅਦ ਸਵਰਗ ਸਿਧਾਰ ਗਏ ਸਨ। ਲਿਓਨ ਜੋਲਕੋਜ਼ ਨੂੰ 29 ਅਕਤੂਬਰ 1901 ਨੂੰ ਫਾਂਸੀ ਦਿੱਤੀ ਗਈ ਸੀ। 32ਵੇਂ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ 'ਤੇ ਫਰਵਰੀ 1933 'ਚ ਗੈਸਪ ਜੰਗਾਰਾ ਨੇ ਹਮਲਾ ਕੀਤਾ ਸੀ ਜਿਸ 'ਚ ਰਾਸ਼ਟਰਪਤੀ ਦੀ ਜਾਨ ਬਚ ਗਈ ਸੀ ਪ੍ਰੰਤੂ ਮੇਅਰ ਐਨਟਨ ਸੀਮਕ ਮਾਰੇ ਗਏ ਸਨ। ਮਗਰੋਂ ਕਾਤਲ ਨੂੰ ਫਾਂਸੀ ਹੋ ਗਈ ਸੀ। ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ.ਐੱਸ. ਟਰੂਮੈਨ ਉੱਪਰ ਆਸਕਰ ਕਲਾਜ਼ੋ ਨੇ ਕਾਤਲਾਨਾ ਹਮਲਾ ਬਲੇਅਰ ਹਾਊਸ ਵਿਖੇ ਨਵੰਬਰ 1950 ਵਿਚ ਕੀਤਾ ਸੀ। ਇਸ ਹਮਲੇ ਵਿਚ ਰਾਸ਼ਟਰਪਤੀ ਬਚ ਗਏ ਸਨ। ਜੌਹਨ ਐੱਫ.ਕੈਨੇਡੀ 35ਵੇਂ ਰਾਸ਼ਟਰਪਤੀ 'ਤੇ 22 ਨਵੰਬਰ 1963 ਨੂੰ ਟੈਕਸਾਸ ਦੇ ਡਲਾਸ ਸ਼ਹਿਰ 'ਚ ਲੀ ਹਾਰਵੇ ਓਸਵਾਲਡ ਨੇ ਕਾਤਲਾਨਾ ਹਮਲਾ ਕੀਤਾ ਸੀ ਜਿਸ 'ਚ ਰਾਸ਼ਟਰਪਤੀ ਮਾਰੇ ਗਏ ਸਨ। ਦੋ ਦਿਨ ਬਾਅਦ ਕਾਤਲ ਵੀ ਮਰ ਗਿਆ ਸੀ। ਅਠੱਤੀਵੇਂ ਰਾਸ਼ਟਰਪਤੀ ਗਰਾਲਡ ਫੋਰਡ ਉੱਪਰ 1975 ਵਿਚ ਦੋ ਵਾਰੀ ਹਮਲੇ ਹੋਏ। ਉਹ ਦੋਵੇਂ ਵਾਰੀ ਬਚ ਗਏ। ਇਕ ਵਾਰ ਲੀਨੇਟੇ ਫਰੋਮੀ ਅਤੇ ਦੂਜੀ ਵਾਰ ਸਾਰਾ ਜਾਨੇ ਮੂਰਾ ਨੇ ਹਮਲੇ ਕੀਤੇ ਸਨ। ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ 'ਤੇ 30 ਮਾਰਚ 1981 ਨੂੰ ਵਾਸ਼ਿੰਗਟਨ ਡੀਸੀ ਵਿਖੇ ਕਾਤਲਾਨਾ ਹਮਲਾ ਹੋਇਆ ਪ੍ਰੰਤੂ ਉਹ ਵਾਲ-ਵਾਲ ਬਚ ਗਏ। ਤਰਤਾਲੀਵੇਂ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ 'ਤੇ ਜਾਰਜੀਆ ਦੇ ਟਬੀਲਿਸਟ ਸ਼ਹਿਰ ਵਿਖੇ 2005 ਵਿਚ ਗਰਨੇਡ ਸੁੱਟਿਆ ਗਿਆ ਜਿਸ ਵਿਚ ਉਹ ਬਚ ਗਏ। ਕਾਤਲ ਨੂੰ ਉਮਰ ਕੈਦ ਦੀ ਸਜ਼ਾ ਹੋਈ।

ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹੋਏ ਹਮਲਿਆਂ ਵਿਚ ਡੋਨਾਲਡ ਟਰੰਪ ਤੀਜਾ ਉਮੀਦਵਾਰ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਦੇ ਦੋ ਉਮੀਦਵਾਰਾਂ 'ਤੇ ਵੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਵਿਚ ਰਾਸ਼ਟਰਪਤੀ ਦੇ ਉਮੀਦਵਾਰ ਥਿਓਡੋਰੇ ਰੂਜ਼ਵੈਲਟ ਉੱਪਰ 1912 ਵਿਚ ਮਿਲਵਾਕੀ ਵਿਖੇ ਹਮਲਾ ਹੋਇਆ ਪਰ ਉਹ ਬਚ ਗਏ ਸਨ। ਦੂਜੇ ਉਮੀਦਵਾਰ ਰਾਬਰਟ ਐੱਫ. ਕੈਨੇਡੀ 'ਤੇ 5 ਜੂਨ 1968 ਨੂੰ ਲਾਸ ਏਂਜਲਸ ਵਿਖੇ ਹਮਲਾ ਹੋਇਆ ਜਿਸ ਵਿਚ ਰਾਸ਼ਟਰਪਤੀ ਮਾਰੇ ਗਏ। ਬਾਰਾਂ ਰਾਸ਼ਟਰਪਤੀਆਂ 'ਤੇ ਹੋਏ ਹਮਲਿਆਂ 'ਚ 5 ਰਾਸ਼ਟਰਪਤੀ ਮਾਰੇ ਗਏ ਸਨ ਤੇ 7 ਰਾਸ਼ਟਰਪਤੀ ਹਮਲਿਆਂ ਵਿਚ ਬਚ ਗਏ ਸਨ। ਜੇ ਅਮਰੀਕਾ ਦੇ ਉੱਚ ਅਹੁਦਿਆਂ ਵਾਲੇ ਸਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ।

**ਉਜਾਗਰ ਸਿੰਘ**






# ਭੂਆ-ਭਤੀਜੀ ਦਾ ਹੈ ਬੜਾ ਮਨਮੋਹਕ ਰਿਸ਼ਤਾ



ਜਦੋਂ ਅਸੀਂ ਜ਼ਿੰਦਗੀ ਦੇ ਕੁੱਝ ਮਹੱਤਵਪੂਰਨ ਪਹਿਲੂਆਂ ਬਾਰੇ ਸੋਚਦੇ ਹਾਂ ਤਾਂ ਰਿਸ਼ਤਿਆਂ ਦਾ ਨਾਮ ਸਭ ਤੋਂ ਪਹਿਲਾਂ ਆਉਂਦਾ ਹੈ। ਰਿਸ਼ਤੇ ਸਾਨੂੰ ਸਿਰਫ਼ ਮਾਨਸਿਕ ਹੀ ਨਹੀਂ ਬਲਕਿ ਜਜ਼ਬਾਤੀ ਤੌਰ ’ਤੇ ਵੀ ਮਜ਼ਬੂਤ ਕਰਦੇ ਹਨ। ਇਹ ਸਾਡੇ ਜੀਵਨ ਦਾ ਉਹ ਅਣਮੁਲਾ ਅੰਗ ਹੈ ਜੋ ਸਾਡੇ ਹਰ ਖ਼ੁਸ਼ੀ ਅਤੇ ਗਮ ਦੇ ਪਲਾਂ ਵਿੱਚ ਸਾਥੀ ਬਣਦੇ ਹਨ।

ਪਰਿਵਾਰ ਸਾਡਾ ਪਹਿਲਾ ਰਿਸ਼ਤਿਆਂ ਦਾ ਸਰਕਲ ਹੁੰਦਾ ਹੈ ਜਿੱਥੋ ਅਸੀਂ ਸਬਕ ਸਿੱਖ ਕੇ ਜਿੰਦਗ਼ੀ ਦੀਆਂ ਕੀਮਤਾਂ ਕਦਰਾਂ ਨੂੰ ਸਮਝਦੇ ਹਾਂ। ਮਾਤਾ-ਪਿਤਾ, ਭਰਾ-ਭੈਣ, ਦਾਦਾ-ਦਾਦੀ, ਨਾਨਾ ਨਾਨੀ, ਮਾਮੇ ਚਾਚੇ, ਮਾਸੀਆ, ਭੂਆ ਅਤੇ ਹੋਰ ਪਰਿਵਾਰਕ ਮੈਂਬਰ ਸਾਡੇ ਆਸ-ਪਾਸ ਦੇ ਉਹ ਲੋਕ ਹੁੰਦੇ ਹਨ ਜੋ ਸਾਨੂੰ ਪਿਆਰ ਨਾਲ ਰਹਿਣ ਸਹਿਣ ਤੋਂ ਜਾਣੂੰ ਕਰਾਉਂਦੇ ਹਨ।

ਰਿਸ਼ਤਿਆਂ ਦੀ ਮਾਲਾਂ ਵਚੋਂ ਇਕ ਮਣਕਾ ਹੈ ਭੂਆ-ਭਤੀਜੀ ਦਾ। ਇਹ ਰਿਸ਼ਤਾ ਸਿਰਫ਼ ਪਰਿਵਾਰਕ ਬੰਧਨ ਹੀ ਨਹੀਂ, ਸਗੋਂ ਪਿਆਰ ਅਤੇ ਮਮਤਾ ਦਾ ਪ੍ਰਤੀਕ ਵੀ ਹੈ। ਇਸ ਰਿਸ਼ਤੇ ਵਿੱਚ ਇੱਕ ਵਿਲੱਖਣ ਗਹਿਰਾਈ ਹੁੰਦੀ ਹੈ ਜੋ ਜ਼ਿੰਦਗੀ ਨੂੰ ਸੁੰਦਰ ਅਤੇ ਮਾਣਮੱਤੀ ਬਣਾਉਂਦੀ ਹੈ। ਭੂਆ, ਜੋ ਕਿ ਭਤੀਜੀ ਦੇ ਪਿਤਾ ਦੀ ਭੈਣ ਹੁੰਦੀ ਹੈ ਅਤੇ ਪਰਿਵਾਰ ਵਿਚ ਇੱਕ ਅਹਿਮ ਸਥਾਨ ਰੱਖਦੀ ਹੈ।

ਉਸ ਦੀ ਮੌਜੂਦਗੀ ਸਿਰਫ਼ ਪਰਿਵਾਰ ਨੂੰ ਸੁਧਾਰਨ ਵਿੱਚ ਹੀ ਨਹੀਂ, ਸਗੋਂ ਸੰਸਕਾਰ ਅਤੇ ਤੌਰ ਤਰੀਕ਼ੇ ਸਿਖਾਉਣ ਵਿਚ ਵੀ ਮਹੱਤਵਪੂਰਨ ਹੁੰਦੀ ਹੈ। ਭੂਆ ਦਾ ਮਮਤਾ ਭਰਿਆ ਹੱਥ ਅਤੇ ਪਿਆਰ ਆਪਣੀ ਭਤੀਜੀ ਪ੍ਰਤੀ ਬੇਮਿਸਾਲ ਹੁੰਦਾ ਹੈ। ਉਹ ਭਤੀਜੀ ਦੀ ਜ਼ਿੰਦਗੀ ਵਿਚ ਇੱਕ ਮਾਂ ਵਾਂਗ ਸਹਿਯੋਗ ਕਰਦੀ ਹੈ ਕਿਉਂਕਿ ਉਸ ਨੂੰ ਭਤੀਜੀ ਵਿਚੋਂ ਆਪਣਾ ਗੁਆਚਿਆ ਬਚਪਨ ਨਜ਼ਰ ਆਉਂਦਾ ਹੈ। ਭੂਆ-ਭਤੀਜੀ ਦਾ ਰਿਸ਼ਤਾ ਬਚਪਨ ਤੋਂ ਹੀ ਮਜ਼ਬੂਤ ਹੁੰਦਾ ਹੈ। ਭੂਆ ਆਪਣੀ ਭਤੀਜੀ ਦੇ ਨਾਲ ਖੇਡਣ, ਉਸਨੂੰ ਨਵੀਆਂ ਨਵੀਆਂ ਗੱਲਾਂ ਸਿਖਾਉਣ ਅਤੇ ਉਸਦੀ ਦੇਖਭਾਲ ਕਰਨ ਵਿਚ ਸਦਾ ਮੂਹਰੇ ਰਹਿੰਦੀ ਹੈ। ਭੂਆ ਦੇ ਪਿਆਰ ਅਤੇ ਮਮਤਾ ਨਾਲ ਭਰੀਆਂ ਯਾਦਾਂ, ਭਤੀਜੀ ਦੇ ਮਨ ਵਿਚ ਸਦਾ ਵੱਸਦੀਆਂ ਰਹਿੰਦੀਆ ਹਨ।

ਭੂਆ ਦੀ ਮਮਤਾ ਕਈ ਪੱਖਾਂ ਵਿਚ ਦਿਖਾਈ ਦਿੰਦੀ ਹੈ। ਉਹ ਸਿਰਫ਼ ਭਤੀਜੀ ਦੀ ਸਿੱਖਿਆ ਵਿਚ ਹੀ ਨਹੀਂ, ਸਗੋਂ ਉਸ ਦੀ ਹਰ ਖੁਸ਼ੀ ਅਤੇ ਗ਼ਮ ਵਿਚ ਵੀ ਸਾਥ ਦੇਂਦੀ ਹੈ। ਜਦੋਂ ਭਤੀਜੀ ਮੁਸ਼ਕਲਾਂ ਵਿਚ ਹੁੰਦੀ ਹੈ, ਤਾਂ ਭੂਆ ਉਸਦਾ ਹੌਸਲਾ ਵਧਾਉਂਦੀ ਹੈ। ਭੂਆ ਦੇ ਮਮਤਾ ਭਰੇ ਸਬੰਧ, ਭਤੀਜੀ ਨੂੰ ਆਤਮ-ਵਿਸ਼ਵਾਸ ਦਿੰਦੇ ਹਨ ਅਤੇ ਉਸਨੂੰ ਸਫ਼ਲਤਾ ਦੀ ਰਾਹ ਉਤੇ ਲੈ ਕੇ ਜਾਂਦੇ ਹਨ।

ਸਮੇਂ ਦੇ ਨਾਲ, ਭੂਆ-ਭਤੀਜੀ ਦਾ ਰਿਸ਼ਤਾ ਹੋਰ ਵੀ ਮਜ਼ਬੂਤ ਹੁੰਦਾ ਜਾਂਦਾ ਹੈ। ਜਦੋਂ ਭਤੀਜੀ ਵੱਡੀ ਹੁੰਦੀ ਹੈ ਅਤੇ ਆਪਣੇ ਜੀਵਨ ਦੇ ਵੱਖ-ਵੱਖ ਪੜਾਅ ’ਤੇ ਪਹੁੰਚਦੀ ਹੈ, ਤਾਂ ਭੂਆ ਦਾ ਸਹਿਯੋਗ ਉਸਦੇ ਲਈ ਇੱਕ ਬਲਬੂਤਾ ਬਣਦਾ ਹੈ। ਵਿਦਿਆਰਥੀ ਜੀਵਨ ਵਿਚ ਸਲਾਹ-ਮਸ਼ਵਰਾ, ਕਰੀਅਰ ਦੇ ਫ਼ੈਸਲਿਆਂ ਵਿਚ ਮਦਦ, ਵੱਖ ਵੱਖ ਤਰ੍ਹਾਂ ਦੇ ਪਕਵਾਨ ਬਣਾਉਣਾ, ਇਸ ਰਿਸ਼ਤੇ ਦੀ ਗਹਿਰਾਈ ਨੂੰ ਦਰਸਾਉਂਦਾ ਹੈ।ਇਹ ਰਿਸ਼ਤਾ ਦੋਵਾਂ ਪੱਖਾਂ ਲਈ ਇੱਕ ਦੂਜੇ ਦੇ ਸਹਿਯੋਗ ਦਾ ਪ੍ਰਤੀਕ ਹੁੰਦਾ ਹੈ।

ਜਿਵੇਂ ਕਿ ਭੂਆ ਆਪਣੀ ਭਤੀਜੀ ਦੇ ਹਰ ਪਲ ਦੀ ਸਾਥੀ ਹੁੰਦੀ ਹੈ, ਉਵੇਂ ਹੀ ਭਤੀਜੀ ਵੀ ਭੂਆ ਦੀ ਹਰ ਵੇਲੇ ਕਦਰ ਕਰਦੀ ਹੈ ਅਤੇ ਉਸਦੀ ਸਹਿਯੋਗੀ ਬਣਦੀ ਹੈ। ਜਦੋਂ ਭੂਆ ਨੂੰ ਆਪਣੇ ਪੇਕਿਆਂ ਵਲੋਂ ਕਿਸੇ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਭਤੀਜੀ ਆਪਣੀ ਸੂਝ ਬੂਝ ਨਾਲ ਉਸਦਾ ਸਾਥ ਦਿੰਦੀ ਹੈ।

ਇਸ ਤਰ੍ਹਾਂ, ਇਹ ਰਿਸ਼ਤਾ ਪਿਆਰ ਦਾ ਇੱਕ ਸੱਚਾ ਸੁੱਚਾ ਨਮੂਨਾ ਵੀ ਹੁੰਦਾ ਹੈ। ਇੱਥੇ ਇਹ ਵੀ ਗੱਲ ਦੱਸਣਯੋਗ ਹੀ ਕਿ ਭਤੀਜੀ ਦੇ ਵਿਆਹ ਮੌਕੇ ਉਸ ਦੀ ਵਿਆਹੀ-ਵਰੀ ਭੂਆ ਉਸ ਨੂੰ ਸੌਗਾਤ ਜਾਂ ਸ਼ਗਨ ਵਜੋਂ ‘ਸਰਵਣ ਮੱਟ’ ਦੇ ਕੇ ਰਿਸ਼ਤੇ ’ਚ ਹੋਰ ਵੀ ਸਨੇਹ ਉਪਜਦੀ ਹੈ। ਕਈ ਵਾਰ ਤਾਂ ਭੂਆ ਆਪਣੀ ਭਤੀਜੀ ਦਾ ਸਾਕ ਵੀ ਆਪਣੇ ਸਹੁਰੇ ਪਰਿਵਾਰਿ ਵਚ ਕਰਵਾ ਦਿੰਦੀ ਹੈ ਤਾਂ ਜੋ ਭਤੀਜੀ ਹਮੇਸ਼ਾ ਲਈ ਉਸ ਦੇ ਨਜ਼ਦੀਕ ਰਹੇ।

ਭੂਆ-ਭਤੀਜੀ ਦਾ ਰਿਸ਼ਤਾ ਪਿਆਰ, ਮਮਤਾ ਅਤੇ ਸਮਰਪਣ ਦਾ ਇੱਕ ਖਾਸ ਬੰਧਨ ਹੈ। ਇਹ ਰਿਸ਼ਤਾ ਸਾਡੇ ਪਰਿਵਾਰਕ ਬੰਧਨਾਂ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ ਅਤੇ ਸਾਨੂੰ ਜੀਵਨ ਵਿਚ ਪਿਆਰ ਅਤੇ ਸਹਿਯੋਗ ਦੇ ਮਹੱਤਵ ਨੂੰ ਸਮਝਾਉਂਦਾ ਹੈ। ਇਹ ਰਿਸ਼ਤਾ ਸਿਰਫ਼ ਰਿਸ਼ਤੇਦਾਰੀ ਤੱਕ ਸੀਮਿਤ ਨਹੀਂ, ਸਗੋਂ ਮਾਨਸਿਕ ਅਤੇ ਆਤਮਿਕ ਤੌਰ ’ਤੇ ਵੀ ਸਾਡੇ ਜੀਵਨ ਨੂੰ ਸੁਧਾਰਦਾ ਹੈ।

Learn the signs of stroke

**F**ace is it drooping?
**A**rms can you raise both?
**S**peech is it slurred or jumbled?
**T**ime to call 9-1-1 right away.

Act FAST. Lifesaving treatment begins the second you call 9-1-1.

heartandstroke.ca/punjabi

Heart & Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

# ਪੰਜ ਸਿੰਘ ਸਾਹਿਬਾਨ ਨੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਲਾਈ ਤਨਖਾਹ



**ਅੰਮ੍ਰਿਤਸਰ** : ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਨੇ 11 ਦਿਨ ਦੀ ਤਨਖਾਹ ਲਗਾਈ ਹੈ, ਜਦ ਕਿ 8 ਦਸੰਬਰ 2022 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਹਿਲਾ ਹੀ ਤਨਖਾਹੀਆ ਕਰਾਰ ਦਿੱਤਾ ਸੀ। ਗਿਆਨੀ ਇਕਬਾਲ ਸਿੰਘ 'ਤੇ ਦੋਸ਼ ਸੀ ਕਿ ਉਨ੍ਹਾਂ ਨੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਰਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਦੀ ਉਲੰਘਣਾ ਤੇ ਅਣਦੇਖੀ ਕੀਤੀ ਹੈ।

ਗਿਆਨੀ ਇਕਬਾਲ ਸਿੰਘ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ 11 ਦਿਨ ਹਰ ਰੋਜ ਇਕ ਜਪੁਜੀ ਸਾਹਿਬ ਜੀ ਦੇ ਪਾਠ ਕਰਨ ਅਤੇ 11 ਦਿਨ ਇੱਕ ਘੰਟਾ ਕੀਰਤਨ ਸਰਵਨ ਕਰਨ ਦੀ ਤਨਖਾਹ ਲਗਾਈ ਗਈ। ਇਸ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾ ਕੇ ਖਿਮਾ ਜਾਚਣਾ ਦੀ ਅਰਦਾਸ ਕਰਵਾ ਕੇ ਸਕੱਤਰੇਤ ਵਿਖੇ ਰਿਪੋਰਟ ਕਰਨ ਲਈ ਕਿਹਾ ਗਿਆ। ਜਿਸ ਨੂੰ ਗਿਆਨੀ ਇਕਬਾਲ ਸਿੰਘ ਨੇ ਪ੍ਰਵਾਨ ਕੀਤਾ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਚੋਂ ਭਾਈ ਮੰਗਲ ਸਿੰਘ ਸ਼ਾਮਲ ਸਨ।

**ਬਾਬਾ ਦਯਾ ਸਿੰਘ ਨੂੰ 'ਪੰਥ ਸੇਵਕ' ਸਨਮਾਨ ਦੇਣ ਦਾ ਫੈਸਲਾ:**

ਅੰਮ੍ਰਿਤਸਰ : ਸੋਮਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵੱਖ-ਵੱਖ ਪੰਥਕ ਮੁੱਦਿਆਂ ਨੂੰ ਲੈ ਕੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਪਹਿਲੋਂ ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕੀਤੀ। ਉਪਰੰਤ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੀਟਿੰਗ 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ

ਰਘਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ 'ਚੋਂ ਭਾਈ ਮੰਗਲ ਸਿੰਘ ਸ਼ਾਮਲ ਹੋਏ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਬਾਬਾ ਦਯਾ ਸਿੰਘ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਸੁਰਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 'ਪੰਥ ਸੇਵਕ' ਦਾ ਵਿਸ਼ੇਸ਼ ਸਨਮਾਨ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਵਿਚ ਦਿਨੋਂ-ਦਿਨ ਵੱਧ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਹਰੇਕ ਗੁਰਦੁਆਰਾ ਸਾਹਿਬ ਵਿਚ 24 ਘੰਟੇ ਲਈ ਪੱਕੇ ਤੌਰ 'ਤੇ ਸੇਵਾਦਾਰਾਂ ਦੀ ਡਿਊਟੀ ਯਕੀਨੀ ਬਣਾਈ ਜਾਵੇ।

ਉਨ੍ਹਾਂ ਕਿਹਾ ਕਿ ਇਸ ਵਿਚ ਕੁਤਾਹੀ ਪਾਈ ਜਾਣ 'ਤੇ ਜਾਂ ਬੇਅਦਬੀ ਹੋਣ ਦੀ ਸੂਰਤ ਵਿਚ ਸਬੰਧਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੋਵੇਗੀ ਅਤੇ ਉਸ ਦੇ ਖ਼ਿਲਾਫ ਸਖਤ



ਕਾਰਵਾਈ ਕੀਤੀ ਜਾਵੇਗੀ। ਆਲਮੀ ਤਪਸ਼ ਅਤੇ ਜਲਵਾਯੂ ਵਿਚ ਵਿਸ਼ਵ ਪੱਧਰ 'ਤੇ ਆ ਰਹੀਆਂ ਖਤਰਨਾਕ ਤਬਦੀਲੀਆਂ ਦੇ ਮੱਦੇਨਜ਼ਰ ਵਾਤਾਵਰਨ ਅਤੇ ਪਾਣੀ ਦੀ ਸਾਂਭ-ਸੰਭਾਲ, ਪੰਛੀਆਂ ਦੀਆਂ ਖਤਮ ਹੋ ਰਹੀਆਂ ਨਸਲਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਆਦੇਸ਼ ਕੀਤਾ ਜਾਂਦਾ ਹੈ ਕਿ ਹਰੇਕ ਸਿੱਖ ਆਪਣੇ ਜੀਵਨ ਵਿਚ ਘੱਟੋ-ਘੱਟ ਇੱਕ ਪੌਦਾ ਜ਼ਰੂਰ ਲਗਾਵੇ, ਪਾਣੀ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

## ਰਛਪਾਲ ਸਹੋਤਾ ਦੇ ਨਾਵਲ 'ਆਪੇ ਦੀ ਭਾਲ਼' ਉੱਪਰ ਵਿਚਾਰ ਚਰਚਾ 12 ਜੁਲਾਈ ਨੂੰ




**ਸਰੀ:** ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਅਮਰੀਕਾ ਵਸਦੇ ਪੰਜਾਬੀ ਲੇਖਕ ਰਛਪਾਲ ਸਹੋਤਾ ਦੇ ਨਵ-ਪ੍ਰਕਾਸ਼ਿਤ ਨਾਵਲ 'ਆਪੇ ਦੀ ਭਾਲ਼' ਨੂੰ ਲੋਕ ਅਰਪਣ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ 21 ਜੁਲਾਈ 2024 ਨੂੰ ਸਰੀ ਵਿਖੇ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ (106-12882 85 ਐਵੀਨਿਊ) ਸਰੀ ਵਿਖੇ ਦੁਪਹਿਰ ਇਕ ਵਜੇ ਹੋਵੇਗਾ ਜਿਸ ਵਿਚ ਉੱਘੇ ਵਿਦਵਾਨ ਇਸ ਨਾਵਲ ਉੱਪਰ ਚਰਚਾ ਕਰਨਗੇ। ਸਮਾਗਮ ਵਿਚ ਸ਼ਾਮਲ ਹੋਣ ਲਈ ਸਮੂਹ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਹੈ।

ੴ ਵਾਹਿਗੁਰੂ ਜੀ ਕੀ ਫਤਹਿ॥ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ "RECOGNIZE ALL HUMAN RACE AS ONE"
-GURU GOBIND SINGH JI

Khalsa Diwan Society
GURDWARA SAHIB SUKH SAGAR (EST. 1906)

Special General Meeting
Khalsa Diwan Society New Westminster, BC
(the "Society)

July 18, 2024

Notice is hereby given to members of Khalsa Diwan Society – New Westminster (the "Society) of a Special General Meeting of members to be held as follows:

**Date:** August 4, 2024
**Time:** 11:00am
**Location:** Sukh Sagar Gurdwara
347 Wood Street, New Westminster, BC

**WHERE AS:** The Society may from time to time, borrow money and it is the intention of the Members that the Society borrow from Vancouver City Savings Credit Union (the "Lender") and to grant security therefor.

**NOW IT BE RESOLVED THAT:**

1. The Society is going to purchase real estate property with a civic address of 353 Wood Street, New Westminster BC. Legal description of property; Lot 1, Plan BCP41395, District Lot 757, Group 1, New Westminster Land District
2. The Society needs to borrow from the Lender amount of $800,000 for the purpose of purchasing the property upon such terms and conditions as may be determined, from time to time, by the Directors of the Society
3. The Society herby grants to the Directors of the Society for a period of on year from the date of these Special Resolutions the authority to grant to the Lender such security for loans made by or to be made by the Lender to the Society as may be required from time to time by the Lender and as agreed to by the Directors.


Athwal
Harbhajan Singh Athwal
President

info@sukhsagar.ca
www.sukhsagar.ca
/gurdwarasahibsukhsagar

347 Wood Street,
New Westminster, BC
Canada V3M 5K6

Main: 604.521.3111
Office: 604.638.7380
Fax: 604.521.4936

# ਅੰਬਾਨੀ ਦੇ ਮੁੰਡੇ ਦੇ ਵਿਆਹ 'ਚ ਨੋਟਾਂ ਦਾ ਮੀਂਹ ਵਰ੍ਹਿਆ





ਜਦ ਕਿਸੇ ਭਾਰਤੀ ਨੂੰ ਦੇਸ਼ ਦਾ ਸਭ ਤੋਂ ਅਮੀਰ ਆਦਮੀ ਦੱਸਿਆ ਜਾਂਦਾ ਹੈ ਤਾਂ ਉਸ ਦੇ ਜ਼ਿਆਦਾਤਰ ਨਾਗਰਿਕ ਇਸ ਆਦਮੀ ਦੀ ਦੂਰਦਰਸ਼ਿਤਾ ਨੂੰ ਸਨਮਾਨ ਦਿੰਦੇ ਹਨ।ਜਦ ਅਜਿਹਾ ਆਦਮੀ ਆਪਣੇ ਬੇਟੇ ਦੇ ਵਿਆਹ ਦਾ ਜਸ਼ਨ ਮਨਾਉਂਦੇ ਹੋਏ ਆਪਣੀ ਦੌਲਤ ਦਾ ਜਨਤਕ ਪ੍ਰਦਰਸ਼ਨ ਕਰਦਾ ਹੈ ਤਾਂ ਅਸੀਂ ਕਹਿ ਹੈ ਦਿੰਦੇ ਹਾਂ ਕਿ ਉਸ ਨੇ ਇਸ ਨੂੰ ਕਮਾਇਆ ਹੈ। ਜਦ ਮਹਿਮਾਨਾਂ ਨੂੰ ਲਿਆਉਣ-ਲਿਜਾਣ ਲਈ 3 ਫਾਲਕਨ-2000 ਜੱਟ ਕਿਰਾਏ 'ਤੇ ਲਏ ਜਾਂਦੇ ਹਨ ਅਤੇ ਇਸ ਆਯੋਜਨ ਲਈ 100 ਤੋਂ ਜ਼ਿਆਦਾ ਨਿੱਜੀ ਜਹਾਜ਼ਾਂ ਦਾ ਇਸਤੇਮਾਲ ਕੀਤੇ ਜਾਣ ਦੀ ਉਮੀਦ ਹੁੰਦੀ ਹੈ ਤਾਂ ਤੁਸੀਂ ਕਹਿੰਦੇ ਹੋ'ਕਿਉਂ ਨਹੀਂ ਇਹ ਆਦਮੀ ਇਸ ਦਾ ਖਰਚਾ ਚੁੱਕ ਸਕਦਾ ਹੈ।

3 ਮਹੀਨਿਆਂ ਤੱਕ ਚੱਲੇ ਪ੍ਰੀ-ਵੈਡਿੰਗ ਈਵੈਂਟ 'ਚ ਪੂਰੀ ਦੁਨੀਆ ਦੇ ਗਾਇਕ, ਬਾਲੀਵੁੱਡ ਸਿਤਾਰੇ, ਗਲੋਬਲ ਕਾਰੋਬਾਰੀ ਸ਼ੋਅਜ਼ ਅਤੇ ਕਰੂਜ਼ 'ਚ ਸ਼ਾਮਲ ਹੋਏ। ਪੈਸਾ ਬੋਲਦਾ ਹੈ ਅਤੇ ਕਿਵੇਂ! ਰਿਹਾਨਾ ਲਈ ਇਕ ਦੁਖਦਾਇਕ ਤੌਰ 'ਤੇ ਫਿੱਕੇ ਪ੍ਰਦਰਸ਼ਨ ਅਤੇ ਜਸਟਿਨ ਬੀਬਰ ਤੇ ਬੈਕਸਟ੍ਰੀਟ ਬੁਆਇਜ਼ ਦੇ ਇੰਨੇ ਫਿੱਕੇ ਨਹੀਂ ਪ੍ਰਦਰਸ਼ਨ ਲਈ ਕੁਝ 100 ਕਰੋੜ ਪਰ ਅਸੀਂ ਕੌਣ ਹੁੰਦੇ ਹਾਂ ਇਸ 'ਤੇ ਟਿੱਪਣੀ ਕਰਨ ਲਈ। ਅਤੇ ਫਿਰ ਏ ਆਰ. ਰਹਿਮਾਨ, ਸ਼ੰਕਰ ਮਹਾਦੇਵਨ, ਸੋਨੂੰ ਨਿਗਮ, ਸ਼੍ਰੇਆ ਘੋਸ਼ਾਲ ਅਤੇ ਹੋਰ ਸੰਗੀਤਕਾਰਾਂ ਨੇ ਵਿਆਹ 'ਚ ਕੀ ਤਮਾਸ਼ਾ ਖੜ੍ਹਾ ਕੀਤਾ।

ਮੈਂ ਸਲਮਾਨ, ਸ਼ਾਹਰੁਖ, ਪ੍ਰਿਅੰਕਾ, ਰਣਵੀਰ, ਰਣਬੀਰ, ਆਲੀਆ ਅਤੇ ਲਗਭਗ ਹਰ ਦੂਜੇ ਅਦਾਕਾਰ ਵਰਗੇ ਕਈ ਬਾਲੀਵੁੱਡ ਸਿਤਾਰਿਆਂ ਵਿਚਾਲੇ ਇਕ ਸ਼ਾਂਤਚਿਤ ਰਜਨੀਕਾਂਤ ਨੂੰ ਇਕ ਹਿੱਪ ਸ਼ੇਕਿੰਗ ਨੰਬਰ 'ਤੇ ਨੱਚਦੇ ਹੋਏ ਵੀ ਦੇਖਿਆ। ਹਾਂ, ਮਾਰਕ ਜ਼ੁਕਰਬਰਗ, ਟੋਨੀ ਬਲੇਅਰ, ਕਿਮ ਕਾਰਦਾਸ਼ੀਅਨ ਅਤੇ ਸਾਡੇ ਆਪਣੇ ਪ੍ਰਧਾਨ ਮੰਤਰੀਉਨ੍ਹਾਂ ਲੋਕਾਂ 'ਚ ਸਨ ਜਿਨ੍ਹਾਂ ਨੇ ਇਸ ਮੌਕੇ ਦੀ ਸ਼ੋਭਾ ਵਧਾਈ।

ਇਸ ਤਰ੍ਹਾਂ ਦੇ ਸਮਾਰੋਹਾਂ ਨੇ ਭਾਰਤ ਨੂੰ ਪੂਰੀ ਦੁਨੀਆ 'ਚ ਉਮੀਦਾਂ ਦੇ ਨਕਸ਼ੇ 'ਤੇ ਲਿਆ ਖੜ੍ਹਾ ਕੀਤਾ ਪਰ ਕਿਤੇ ਨਾ ਕਿਤੇ ਤੁਹਾਨੂੰ ਹੈਰਾਨੀ ਹੁੰਦੀ ਹੈ, ਜਦ ਬੀ. ਕੇ. ਸੀ. (ਬਾਂਦਰਾ- ਕੁਰਲਾ ਕੰਪਲੈਕਸ) 'ਚ ਸਾਰੇ ਦਫਤਰ ਜਾਣ ਵਾਲਿਆਂ ਨੂੰ 4 ਦਿਨਾਂ ਤੱਕ ਦਫਤਰ ਨਾ ਆਉਣ ਲਈ ਕਿਹਾ ਗਿਆ ਕਿਉਂਕਿ ਵਿਆਹ ਲਈ ਜਗ੍ਹਾ ਬੰਦ ਸੀ, ਜਦ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਜਨਤਕ ਪ੍ਰੋਗਰਾਮ ਦਾ ਦਰਜਾ ਦਿੱਤਾ, ਜਦ ਸ਼ਹਿਰ ਜਾਣ ਵਾਲਿਆਂ ਨੂੰ ਲੰਬੇ ਟ੍ਰੈਫਿਕ ਜਾਮ 'ਚ ਬੈਠਣ ਲਈ ਮਜਬੂਰ ਹੋਣਾ ਪਿਆ ਤਾਂ ਤੁਹਾਨੂੰ ਦੇਸ਼ ਦੇ ਸਭ ਤੋਂ ਅਮੀਰ ਆਦਮੀ ਦੀ ਦੂਰਦਰਸ਼ਿਤਾ 'ਤੇ ਹੈਰਾਨੀ ਹੁੰਦੀ ਹੈ।

ਕੀ ਉਹ ਖਰਚ ਕੀਤੀ ਗਈ ਰਕਮ (ਲਗਭਗ 4000 ਕਰੋੜ) ਦਾ ਕੁਝ ਹਿੱਸਾ ਸਕੂਲ ਬਣਾਉਣ, ਵਜ਼ੀਫਾ, ਪ੍ਰੋਗਰਾਮਾਂ, ਲੋੜਵੰਦ ਦੇਸ਼ਵਾਸੀਆਂ ਨੂੰ ਦੇ ਕੇ ਵਿਆਹ ਵਾਲੇ ਜੋੜੇ ਅਨੰਤ ਅਤੇ ਰਾਧਿਕਾ ਲਈ ਆਜੀਵਨ ਵਿਰਾਸਤ ਬਣਾਉਣ 'ਚ ਲਗਾ ਸਕਦਾ ਸੀ, ਅਸਲ ਵਿਆਹ ਤੋਂ ਪਹਿਲਾਂ ਅਤੇ ਬਾਅਦ 'ਚ ਹੋਣ ਵਾਲੇ ਕਈ ਸ਼ਾਨਦਾਰ ਪ੍ਰੋਗਰਾਮਾਂ ਦੀ ਬਜਾਏ ਅਤੇ ਫਿਰ ਯਾਦਗਾਰ ਜਸ਼ਨ ਮਨਾਉਣ ਦੀ ਬਜਾਏ। ਮੈਨੂੰ ਹੈਰਾਨੀ ਹੈ! ਹਾਲਾਂਕਿ ਅਸੀਂ ਸੁਣਿਆ ਹੈ ਕਿ ਲੰਡਨ 'ਚ ਵਿਆਹ ਤੋਂ ਬਾਅਦ ਜਸ਼ਨ ਜਾਰੀ ਰਹਿਣਗੇ।

# ਇੰਝ ਵੀ ਹੁੰਦੈ

## ਰੰਗ ਬਦਲਣ 'ਚ ਮਾਹਿਰ ਗਿਰਗਿਟ



ਗਿਰਗਿਟ ਆਪਣਾ ਰੰਗ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਅਨੁਸਾਰ ਬਦਲ ਲੈਂਦੀ ਹੈ।ਰੰਗ ਬਦਲਣ ਦੀ ਇਹ ਗਿਰਗਿਟ ਨੂੰ ਉਸ ਦੇ ਦੁਸ਼ਮਣਾਂ ਤੋਂ ਬਚਾਉਣ 'ਚ ਕੰਮ ਕਰਦੀ ਹੈ। ਉਸ ਦਾ ਰੰਗ ਬਦਲਣਾ ਉਸ ਦੀ ਚਮੜੀ 'ਚ ਹਾਜ਼ਰ 'ਕੋਮਾਟੋਫੋਰਸ ਨਾਂ ਦੇ ਸੈੱਲ ਦੇ ਕਾਰਨ ਹੁੰਦਾ ਹੈ। ਇਹ ਸੈੱਲ ਗਿਰਗਿਟ ਦੇ ਦਿਮਾਗ ਤੋਂ ਕੰਟਰੋਲ ਹੁੰਦੇ ਹਨ। ਜਦੋਂ ਦਿਮਾਗ ਨੂੰ ਖਤਰਾ ਮਹਿਸੂਸ ਹੁੰਦਾ ਹੈ ਤਾਂ ਉਹ ਖਤਰਾ ਭਾਂਪ ਕੋਸ਼ਿਕਾਵਾਂ ਨੂੰ ਫੈਲਣ ਅਤੇ ਸੰਘਣ ਲਈ ਨਿਰਦੇਸ਼ਿਤ ਕਰਦਾ ਹੈ ਅਤੇ ਕੋਮਾਟੋਫੋਰਸ ਆਪਣਾ ਆਕਾਰ ਬਦਲਦੇ ਹਨ। ਇਨ੍ਹਾਂ ਸੈਲਾਂ 'ਚ ਭੂਰੇ, ਪੀਲੇ, ਕਾਲੇ ਅਤੇ ਸਫੈਦ ਰੰਗ ਦੇ ਰੰਜਕ ਹੁੰਦੇ ਹਨ ਅਤੇ ਇਨ੍ਹਾਂ ਰੰਜਕਾਂ ਦੇ ਕਾਰਨ ਗਿਰਗਿਟ ਦਾਰੰਗ ਬਦਲ ਜਾਂਦਾ ਹੈ।

# EVENTS

**South Asian Adults & Seniors - New Game for Senior Members - Ladder Toss Balls ( Bolas) Game,**
**New Game at Shanti Niketan hall on May 5th 2024 (Sunday) from 2,00 pm to 3.30 pm.**

**High Lighted Event in May 2024, Vedic Seniors Parivar Centre of Vedic Hindu Cultural Society of BC, is going to celebrate Mother's Day & Group Birthday of Senior Members on May 13th 2024 (Monday) from 10.00 am to 1.00 pm at Shanti Niketan hall of Lakshmi Narayan Mandir Surrey BC. Group Birthday of Senior Members, born between 27th December to 13th May will be celebrated. The new members are requested to inform the Coordinator about their Date of birth for records. There will be no Yoga session on May 13th 2024 (Monday) to carry on celebration.**

**Vedic Seniors Parivar Centre of Vedic Hindu Cultural Society of BC invites South Asian Adults & Senior members to practice the New Game which we have purchased, Ladder Toss Balls ( Bolas ) Game. This game is designed to engage Seniors in activities of sports and the exercise. Two Ladders & 6 Balls ( Bolas 3 Blue & 3 Red ) are easy to throw & tricky to aim the Tossing makes a challenge that turns outdoor gathering or inside gathering an excitement. Two Ladders are placed at a distance of 15 feet facing one another. The players take turns Tossing Balls (Bolas ) at the Ladders, attempting to loop them around the Ladder Rungs. 3 points for looping the Top Ladder Rung, 2 points for looping the middle Ladder Rung and 1 point for looping the bottom Ladder Rung. The player who scores the maximum ( 21 Points ) in 3 Tossing's, is a winner and will be given a treat. The game will start on May 5th 2024 (Sunday) from 2.00 pm to 3.30 pm at Shanti Niketan hall of Lakshmi Narayan Temple 8321 - 140th street Surrey V3W 5K9 BC. Some of the seniors can engage themselves with Playing Cards for keeping the brain active & healthy. Tea and light snacks will be served to members after the game is over. Please keep social distance to protect yourself and others.**

**In Person Yoga Classes will continue for members only at Shanti Niketan hall every Monday and every Thursday by expert Yoga Instructor Mr. Ashwani Bansal from 10.00 am to 11.30 am both the days and will also help to make sure all seniors are doing correct Yoga. All members should place the yoga mat, to keep the social distance from other members. Please remember Pure vegetarian Lunch is being served in the dining hall of the Temple to all seniors every Thursday at around 11.30 am after the yoga class. Project funded by Government of Canada's New Horizons for Seniors Program for Hindi speaking seniors. Please contact Surendra Handa Coordinator Vedic Seniors Parivar Centre Lakshmi Narayan Temple 8321 - 140th street Surrey BC, and also Coordinator APNI South Asian Community Response Networks Surrey BC, Tel. 604 - 507 - 9945 for registration and further details.**

SURREY DENTAL CARE

604-200-3993

*Open Monday to Friday 10- 6 pm*

# We'll Take Care Of Your Teeth



**General**
- Exams/Cleaning
- Dental Sealants
- Root Canals
- Crowns/Caps
- Duentures
- Gum Disease

**Cosmetic**
- Teeth Whitening
- Veneers
- Smile Design

**Surgical**
- Wisdom Teeth
- Implants

**High-Tech Exam**
- Dignodent
- Digital X-Rays
- Intra-Oral Camera

**206 - 15230 56 Ave (HWY 10) V3S 5K7**

**info@surreydentalcare.ca**



# ਸਾਰਾਗੜ੍ਹੀ ਫਾਊਂਡੇਸ਼ਨ ਦੇ ਪ੍ਰਧਾਨ ਡਾ. ਗੁਰਿੰਦਰਪਾਲ ਜੋਸਨ ਗੁਰਦੁਆਰਾ ਦੁੱਖ ਨਿਵਾਰਨ ਨਤਮਸਤਕ ਹੋਏ

**ਸਰੀ:** ਸਾਰਾਗੜ੍ਹੀ ਫਾਉਂਡੇਸ਼ਨ ਦੇ ਪ੍ਰਧਾਨ ਡਾ. ਗੁਰਿੰਦਰਪਾਲ ਸਿੰਘ ਜੋਸਨ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਸਰੀ ਵਿਖੇ ਨਤਮਸਤਕ ਹੋਏ ਪਹੁੰਚੇ ਅਤੇ ਉਨ੍ਹਾਂ ਗੁਰਦੁਆਰਾ ਸਾਹਿਬ ਵਿਚ ਸਥਾਪਿਤ ਕੀਤੀ ਗਈ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਗੈਲਰੀ ਦੇ ਦਰਸ਼ਨ ਕੀਤੇ। ਗਿਆਨੀ ਨਰਿੰਦਰਪਾਲ ਸਿੰਘ ਵਾਲੀਆ, ਜਤਿੰਦਰ ਜੇ ਮਿਨਹਾਸ ਅਤੇ ਸਮੂਹ ਮੈਂਬਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ।


ਡਾ. ਗੁਰਿੰਦਰਪਾਲ ਸਿੰਘ ਜੋਸਨ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੀ ਗੈਲਰੀ ਬਣਾਉਣ ਅਤੇ ਗੁਰੂ ਨਾਨਕ ਫੂਡ ਬੈਂਕ ਰਾਹੀਂ ਕੀਤੇ ਜਾ ਰਹੇ ਨਿਸ਼ਕਾਮ ਸੇਵਾ ਕਾਰਜ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਜਤਿੰਦਰ ਜੇ ਮਿਨਹਾਸ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਡਾ. ਜੋਸਨ ਵੱਲੋਂ ਚਲਾਈ ਜਾ ਰਹੀ ਫਾਉਂਡੇਸ਼ਨ ਵੱਲੋਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਜਲੰਧਰ ਜ਼ਿਲੇ ਦੇ ਪਿੰਡ ਡਮੁੰਡਾ ਵਿਖੇ ਸਾਰਾਗੜ੍ਹੀ ਸ਼ਹੀਦਾਂ ਦਾ ਸਮਾਰਕ ਵੀ ਜਲਦ ਹੀ ਤਿਆਰ ਹੋ ਜਾਵੇਗਾ।

ਇਸ ਮੌਕੇ ਗਿਆਨੀ ਨਰਿੰਦਰਪਾਲ ਸਿੰਘ ਨੇ ਡਾ. ਜੋਸਨ ਦਾ ਸਵਾਗਤ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਵਿੱਚ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਸਾਂਭਣ ਲਈ ਵਿਸ਼ਵ ਪੱਧਰ 'ਤੇ ਸੇਵਾਵਾਂ ਨਿਭਾਉਣ ਦੇ ਨਾਲ ਨਾਲ ਡਾ. ਜੋਸਨ ਵੱਲੋਂ ਗੁਰੂ ਨਾਨਕ ਦੇਵ ਜੀ ਦਾ ਸਾਰਾ ਇਤਿਹਾਸ ਪੂਰਨ ਤੌਰ 'ਤੇ ਜਾਣਨ ਲਈ ਜੋ ਸੇਵਾਵਾਂ ਚਲਾਈਆਂ ਜਾ ਰਹੀਆਂ ਹਨ ਉਹ ਆਪਣੇ ਆਪ ਵਿਚ ਸੇਵਾ ਦੀ ਵਿਲੱਖਣ ਮਿਸਾਲ ਹਨ।




# ਲੇਖਕ ਗੁਰਮੇਲ ਬਦੇਸ਼ਾ ਨਹੀਂ ਰਹੇ



**ਸਰੀ:** ਸਰੀ ਦੇ ਵਸਨੀਕ ਵਿਅੰਗ ਲੇਖਕ ਗੁਰਮੇਲ ਬਦੇਸ਼ਾ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਬੀਮਾਰ ਸਨ ਅਤੇ ਹਸਪਤਾਲ ਵਿਚ ਜ਼ੇਰ-ਇਲਾਜ ਸਨ। ਉਹ 55 ਸਾਲਾਂ ਦੇ ਸਨ। ਬਹੁਤ ਹੀ ਹੱਸਮੁੱਖ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਗੁਰਮੇਲ ਬਦੇਸ਼ਾ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੇ ਮੈਂਬਰ ਸਨ। ਕੇਂਦਰੀ ਪੰਜਾਬੀ ਲੇਖਕ ਸਭਾ, ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਦੇ ਲੇਖਕਾਂ ਨੇ ਗੁਰਮੇਲ ਬਦੇਸ਼ਾ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਦਾ ਇਜ਼ਹਾਰ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

# ਵਿਲੀਅਮ ਲੇਕ ਦੇ ਬਜ਼ੁਰਗਾਂ ਨੇ ਮਨਾਈ ਪਿਕਨਿਕ



**ਵੈਨਕੂਵਰ**: ਬ੍ਰਿਟਿਸ਼ ਕੋਲੰਬੀਆ ਦੇ ਖੂਬਸੂਰਤ ਪਹਾੜਾਂ 'ਚ ਸਥਿਤ ਵਿਲੀਅਮ ਲੇਕ ਸ਼ਹਿਰ 'ਚ ਬਜ਼ੁਰਗਾਂ ਵੱਲੋਂ ਆਪਣੇ ਪਰਿਵਾਰਾਂ ਸਮੇਤ 'ਸਾਲਾਨਾ ਪਿਕਨਿਕ' ਮਨਾਈ ਗਈ। ਜ਼ਿਕਰਯੋਗ ਹੈ ਕਿ ਇਲਾਕੇ ਨਾਲ ਸਬੰਧਿਤ ਕੁਝ ਬਜ਼ੁਰਗਾਂ ਵੱਲੋਂ ਆਪਣੇ ਪਰਿਵਾਰਾਂ ਸਮੇਤ ਹਰ ਸਾਲ ਸਰੀ ਦੀ 88 ਐਵੀਨਿਊ 'ਤੇ ਸਥਿਤ ਬੇਅਰ ਕਰੀਕ ਪਾਰਕ 'ਚ 'ਸਾਲਾਨਾ ਪਿਕਨਿਕ' ਮਨਾਈ ਜਾਂਦੀ ਹੈ। ਰਜਿੰਦਰ ਸਿੰਘ ਪਰਮਾਰ ਨੇ ਇਸ ਸਬੰਧੀ ਵਿਸਥਾਰਿਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਤੋਂ ਤਕਰੀਬਨ ਪੰਜ ਦਹਾਕੇ ਪਹਿਲਾਂ ਭਾਰਤ ਤੋਂ ਆਏ ਕੁਝ ਪੰਜਾਬੀ ਪਰਿਵਾਰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਸੂਬੇ ਦੇ ਪਹਾੜਾਂ ਦੀ ਗੋਦ 'ਚ ਵੱਸਦੇ ਵਿਲੀਅਮ ਲੇਕ ਸ਼ਹਿਰ 'ਚ ਮੌਜੂਦ ਲੱਕੜ ਮਿਲਾਂ 'ਚ ਕੰਮ ਕਰਨ ਲਈ ਆਪਣੇ ਪਰਿਵਾਰ ਸਮੇਤ ਵੱਸ ਗਏ ਸਨ।

ਉੱਥੋਂ ਦੇ ਬਰਫੀਲੇ ਮੌਸਮ 'ਚ ਕੜਾਕੇ ਦੀ ਠੰਡ 'ਚ ਕਈ ਦਹਾਕੇ ਸਖ਼ਤ ਮਿਹਨਤ ਕਰਨ ਮਗਰੋਂ ਨੌਕਰੀ ਤੋਂ ਸੇਵਾ ਮੁਕਤ ਹੋਣ ਉਪਰੰਤ ਬਹੁਗਿਣਤੀ ਪਰਿਵਾਰ ਆਪਣੇ ਬੱਚਿਆਂ ਦੀ ਉਚੇਰੀ ਪੜ੍ਹਾਈ ਅਤੇ ਕੁਝ ਹੋਰ ਘਰੇਲੂ ਕਾਰਨਾਂ ਕਰਕੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਸਰੀ ਸ਼ਹਿਰ 'ਚ ਆ ਵੱਸੇ। ਪ੍ਰੰਤੂ ਸਰੀ 'ਚ ਰਹਿੰਦਿਆਂ ਵੀ ਉਨ੍ਹਾਂ ਨੇ ਵਿਲੀਅਮ ਲੇਕ ਵਾਲੀ ਆਪਸੀ ਸਾਂਝ ਬਰਕਰਾਰ ਰੱਖਣ ਦੇ ਮੰਤਵ ਵਜੋਂ ਸਰੀ 'ਚ ਹਰ ਸਾਲ ਸਾਂਝੇ ਉਦਮ ਸਦਕਾ ਪਿਕਨਿਕ ਮਨਾਏ ਜਾਣ ਦਾ ਫ਼ੈਸਲਾ ਕੀਤਾ ਜੋ ਕਿ ਪਿਛਲੇ ਕਈ ਸਾਲਾਂ ਤੋਂ ਹੁਣ ਤੀਕ ਨਿਰੰਤਰ ਜਾਰੀ ਹੈ।

ਦਰਸ਼ਨ ਸਿੰਘ ਢੇਰੜੀ ਨੇ ਦੱਸਿਆ ਕਿ ਵਿਲੀਅਮ ਲੇਕ ਨਾਲ ਸਬੰਧਿਤ ਸਰੀ 'ਚ ਰਹਿੰਦੇ 140 ਦੇ ਲਗਭਗ ਪਰਿਵਾਰ ਅੱਜ ਵੀ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਨ ਲਈ ਇਸ ਪਿਕਨਿਕ 'ਚ ਸ਼ਾਮਿਲ ਹੁੰਦੇ ਹਨ। ਇਸ ਮੌਕੇ 'ਤੇ ਅਮਰਜੀਤ ਸੰਘੇੜਾ, ਸਰੂਪ ਸਿੰਘ ਧਾਮੀ, ਗੁਰਬਚਨ ਸਿੰਘ ਧਾਲੀਵਾਲ, ਮੋਹਨ ਸਿੰਘ ਸੰਧੂ, ਸੁਰਜੀਤ ਕੌਰ ਧਾਲੀਵਾਲ, ਜਸਪਾਲ ਕੌਰ ਗਰੇਵਾਲ, ਤੇਜ ਕੌਰ ਵਿਰਕ, ਜਸਵੀਰ ਢੇਰੜੀ, ਰਣਜੀਤ ਕੌਰ ਧਾਲੀਵਾਲ ਅਤੇ ਮਿਸਜ਼ ਧਾਮੀ ਵੀ ਹਾਜ਼ਰ ਸਨ।

ਪਿਕਨਿਕ ਦੌਰਾਨ ਜਿੱਥੇ ਕਿ ਉਕਤ ਬਜ਼ੁਰਗਾਂ ਵੱਲੋਂ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ, ਉਥੇ ਕੇਕ ਕੱਟਣ ਦੀ ਰਵਾਇਤੀ ਰਸਮ ਵੀ ਨਿਭਾਈ ਗਈ। ਇਸ ਮੌਕੇ 'ਤੇ ਸਾਂਝੇ ਤੌਰ 'ਤੇ ਤਿਆਰ ਕੀਤੇ ਸਵਾਦਲੇ ਭੋਜਨ ਦਾ ਵੀ ਸਾਰਿਆਂ ਨੇ ਆਨੰਦ ਮਾਣਿਆ।

# ਭਾਰਤੀ ਵਿਦਿਆਰਥਣ ਦੀ ਮੌਤ ਤੇ ਹੱਸਣ ਵਾਲਾ ਅਮਰੀਕੀ ਪੁਲਸ ਮੁਲਾਜ਼ਮ ਬਰਖਾਸਤ




**ਸਿਆਟਲ:** ਅਮਰੀਕਾ ਵਿਚ ਭਾਰਤੀ ਵਿਦਿਆਰਥਣ ਦੀ ਮੌਤ ਤੋਂ ਬਾਅਦ ਅਸੰਵੇਦਨਸ਼ੀਲ ਟਿੱਪਣੀਆਂ ਕਰਨ ਅਤੇ ਹੱਸਣ ਵਾਲੇ ਪੁਲਸ ਅਧਿਕਾਰੀ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਵਾਸ਼ਿੰਗਟਨ ਦੀ ਨੌਰਥ ਈਸਟਰਨ ਯੂਨੀਵਰਸਿਟੀ ਦੀ ਵਿਦਿਆਰਥਣ ਜਾਹਨਵੀ ਕੰਦੂਲਾ (23) ਨੂੰ 23 ਜਨਵਰੀ ਨੂੰ ਸੜਕ ਪਾਰ ਕਰਦੇ ਸਮੇਂ ਪੁਲਸ ਵਾਹਨ ਨੇ ਟੱਕਰ ਮਾਰ ਦਿੱਤੀ ਸੀ। ਇਸ ਗੱਡੀ ਨੂੰ ਕੇਵਿਨ ਡੇਵ ਨਾਂ ਦਾ ਅਧਿਕਾਰੀ ਚਲਾ ਰਿਹਾ ਸੀ ਅਤੇ ਉਹ ਕਿਸੇ ਹੋਰ ਮਾਮਲੇ ਦੀ ਜਾਂਚ ਲਈ ਤੇਜ਼ੀ ਨਾਲ ਗੱਡੀ ਚਲਾ ਰਿਹਾ ਸੀ।

ਗੱਡੀ ਦੀ ਲਪੇਟ 'ਚ ਆਉਣ ਤੋਂ ਬਾਅਦ ਕੰਦੂਲਾ 100 ਫੁੱਟ ਦੂਰ ਜਾ ਡਿੱਗੀ। ਸੀਏਟਲ ਪੁਲਸ ਵਿਭਾਗ ਦੁਆਰਾ ਜਾਰੀ ਬਾਡੀਕੈਮ ਫੁਟੇਜ ਵਿੱਚ ਅਧਿਕਾਰੀ ਡੈਨੀਅਲ ਆਰਡਰਰ ਨੂੰ ਭਿਆਨਕ ਹਾਦਸੇ 'ਤੇ ਹੱਸਦੇ ਹੋਏ ਅਤੇ ਕਹਿੰਦੇ ਹੋਏ ਸੁਣਿਆ ਗਿਆ ਹੈ, "ਓ, ਮੈਨੂੰ ਲੱਗਦਾ ਹੈ ਕਿ ਉਹ ਹੁੱਡ 'ਤੇ ਆ ਡਿੱਗੀ, ਸਾਹਮਣੇ ਵਾਲੀ ਵਿੰਡਸ਼ੀਲਡ ਨਾਲ ਟਕਰਾਈ ਅਤੇ ਫਿਰ ਜਦੋਂ ਉਸ ਨੇ (ਪੁਲਸ ਵਾਹਨ ਦੇ ਡਰਾਈਵਰ) ਬ੍ਰੇਕ ਮਾਰੀ ਤਾਂ ਕਾਰ ਤੋਂ ਦੂਰ ਜਾਕੇ ਡਿੱਗੀ... ਉਹ ਮਰ ਗਈ ਹੈ।" ਅਨੁਸ਼ਾਸਨੀ ਕਾਰਵਾਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਅਸੰਵੇਦਨਸ਼ੀਲ ਟਿੱਪਣੀਆਂ ਕਰਨ ਤੋਂ ਬਾਅਦ ਆਰਡਰ "ਚਾਰ ਸਕਿੰਟ ਲਈ ਉੱਚੀ-ਉੱਚੀ ਹੱਸਿਆ।"

ਆਪਣੇ ਦੰਦਾਂ ਨੂੰ ਬੁਰਸ਼ ਕਰਦੇ ਸਮੇਂ ਟੂਟੀ ਨੂੰ ਬੰਦ ਕਰਨ ਨਾਲ
ਇੱਕ ਸਾਲ ਵਿੱਚ 8,300 ਲੀਟਰ ਤੱਕ ਦੀ ਬਚਤ ਹੁੰਦੀ ਹੈ।*



ਇੱਕ ਛੋਟੀ ਤਬਦੀਲੀ। ਇੱਕ ਵੱਡਾ ਫ਼ਰਕ।
ਜਦੋਂ ਅਸੀਂ ਰਲ ਕੇ ਅਜਿਹਾ ਕਰਦੇ ਹਾਂ, ਤਾਂ ਹੋਰ ਵੀ ਵੱਡਾ ਫ਼ਰਕ ਲਿਆ ਸਕਦੇ ਹਾਂ।
ਹੋਰ ਜਾਣੋ: gov.bc.ca/drought

*2 ਮਿੰਟ ਲਈ 5.7L/ਮਿੰਟ ਪਾਣੀ ਦਾ ਵਹਾਅ, ਦਿਨ ਵਿੱਚ ਦੋ ਵਾਰ।

BRITISH COLUMBIA


KVP HERITAGE
REVIVING ARTS PRESENTATION IN CANADA
Presents...
MAUSIQI
NADIR
ALI KHAN
USTAD
SHAFQAT ALI KHAN
PRIDE OF PAKISTAN
FAIZAN
ALI KHAN
SHAAM CHAURAASI GHARANA
AN EVENING OF
Sufi, Classical Music, Ghazal, Thumri
20 FRIDAY
SEPTEMBER
7PM | 2024
Bell PERFORMING ARTS CENTRE SURREY
TICKETS: $30,50,75 + FC
V-TIX ONLINE
KAMAL SHARMA @ (604)833-1977 FOR INFORMATION & SPONSORSHIP
KVP KAMAL

# ਦਿਖਾਵੇ ਦੇ ਵਿਆਹਾਂ ਨੇ ਘਰ ਉਜਾੜੇ



ਪਿਛਲੇ ਦਿਨੀਂ ਮੇਰੀ ਇਕ ਬਚਪਨ ਦੀ ਸਹੇਲੀ ਨਾਲ ਗੱਲ ਹੋ ਰਹੀ ਸੀ। ਉਹ ਰਾਜਸਥਾਨ ਦੇ ਇਕ ਛੋਟੇ ਜਿਹੇ ਸ਼ਹਿਰ ਵਿਚ ਰਹਿੰਦੀ ਹੈ। ਸਾਡੀਆਂ ਅਕਸਰ ਗੱਲਾਂ ਹੁੰਦੀਆਂ ਹਨ। ਉਸ ਨੇ ਕਿਹਾ ਕਿ ਧੀ ਦਾ ਵਿਆਹ ਤੈਅ ਕਰ ਦਿੱਤਾ ਹੈ। ਇਸ ਲੇਖਿਕਾ ਨੇ ਕਿਹਾ ਵਧਾਈ ਹੋਵੇ, "ਲੜਕਾ ਕੀ ਕਰਦਾ ਹੈ।

ਉਸ ਨੇ ਕਿਹਾ ਕਾਲਜ ਵਿਚ ਪੜ੍ਹਾਉਂਦਾ ਹੈ। ਫਿਰ ਗੱਲਾਂ ਹੀ ਗੱਲਾਂ 'ਚ ਬੋਲੀ, "ਮੈਂ ਆਪਣਾ ਘਰ ਵੇਚ ਦਿੱਤਾ ਹੈ।"

ਉਹੋ ਪਰ ਕਿਉਂ? ਤੁਸੀਂ ਤਾਂ ਦੱਸ ਰਹੇ ਸੀ ਕਿ ਆਪਣੀ ਸਾਰੀ ਜਮ੍ਹਾ ਪੂੰਜੀ ਨਾਲ ਘਰ ਬਣਵਾਇਆ ਸੀ। ਉਹ ਬੋਲੀ, "ਕੀ ਕਰਾਂ ਮਜਬੂਰੀ ਹੈ। ਵਿਆਹ ਜੋ ਕਰਨਾ ਹੈ।

ਮੈਂ ਪੁੱਛਿਆ ਤਾਂ ਕੀ ਲੜਕੇ ਵਾਲੇ ਦਾਜ ਮੰਗ ਰਹੇ ਹਨ। ਉਸ ਨੇ ਕਿਹਾ ਕਿ ਉਨ੍ਹਾਂ ਦੀ ਮੰਗ ਹੈ ਕਿ ਬਾਰਾਤ ਦਾ ਸਵਾਗਤ ਕਿਸੇ ਫਾਈਵ ਸਟਾਰ ਹੋਟਲ ਵਿਚ ਹੀ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਆਹ ਉਨ੍ਹਾਂ ਦੇ ਹੀ ਸ਼ਹਿਰ 'ਚ ਜਾ ਕੇ ਕਰਨਾ ਹੋਵੇਗਾ। ਅੱਜਕਲ ਤਾਂ ਲੜਕੇ ਵਾਲੇ ਨਹੀਂ, ਲੜਕੀ ਵਾਲੇ ਲੜਕੇ ਦੇ ਸ਼ਹਿਰ 'ਚ ਬਾਰਾਤ ਲੈ ਕੇ ਜਾਂਦੇ ਹਨ।

ਸਾਨੂੰ ਭੋਪਾਲ ਦਸ ਦਿਨ ਪਹਿਲਾਂ ਹੀ ਜਾਣਾ ਪਵੇਗਾ, ਉਸ ਨੇ ਫਿਰ ਕਿਹਾ ਕਿ ਲੜਕੇ ਵਾਲਿਆਂ ਤੋਂ ਵੀ ਵੱਧ ਮੁਸੀਬਤ ਲੜਕੀ ਦੀ ਹੈ।

"ਕੀ ਮਤਲਬ ਹੁਣ ਕੀ-ਕੀ ਦੱਸਾਂ। ਮੇਰੀ ਇਕ ਹੀ ਧੀ ਹੈ ਪਰ ਉਸ ਨੂੰ ਭੋਰਾ ਵੀ ਚਿੰਤਾ ਨਹੀਂ ਕਿ ਸਾਡੇ 'ਤੇ ਕੀ ਬੀਤ ਰਹੀ ਹੈ। ਉਹ ਕਹਿੰਦੀ ਹੈ ਕਿ ਉਸ ਨੂੰ ਅਜਿਹਾ ਹਾਰ ਚਾਹੀਦਾ ਹੈ ਜੋ ਦੀਪਿਕਾ ਪਾਦੂਕੋਣ ਨੇ ਆਪਣੇ ਵਿਆਹ 'ਚ ਪਾਇਆ ਸੀ। ਹਰ ਫੰਕਸ਼ਨ ਲਈ ਕਿਸੇ ਵੱਡੇ ਡਿਜ਼ਾਈਨਰ ਦੇ ਕੱਪੜੇ ਚਾਹੀਦੇ ਹਨ। ਜੁੱਤੀਆਂ-ਚੱਪਲਾਂ ਸਭ ਬ੍ਰਾਂਡੇਡ ਹੋਣ। ਹਲਦੀ ਤੋਂ ਲੈ ਕੇ ਮਹਿੰਦੀ ਤੱਕ ਦੇ ਸਾਰੇ ਆਯੋਜਨ ਫਾਈਵ ਸਟਾਰ 'ਚ ਹੀ ਹੋਣ। ਨਹੀਂ ਤਾਂ ਉਹ ਆਪਣੀਆਂ ਸਾਥਣਾਂ-ਸਹੇਲੀਆਂ ਨੂੰ ਕੀ ਮੂੰਹ ਦਿਖਾਵੇਗੀ ਕਿ ਉਸ ਦੇ ਮਾਤਾ-ਪਿਤਾ ਇੰਨਾ ਵੀ ਨਹੀਂ ਕਰ ਸਕੇ, ਜਦਕਿ ਉਹ ਉਨ੍ਹਾਂ ਦੀ ਇਕਲੌਤੀ ਧੀ ਹੈ। ਇਹੀ ਨਹੀਂ, ਉਹ ਕਹਿ ਰਹੀ ਹੈ ਕਿ ਉਸ ਨੇ ਹਨੀਮੂਨ ਲਈ ਫਰਾਂਸ ਜਾਣਾ ਹੈ ਅਤੇ ਘੱਟੋ-ਘੱਟ 15 ਦਿਨ ਉਥੇ ਰਹਿਣਾ ਹੈ।

ਇਸ ਟੂਰ ਦਾ ਪ੍ਰਬੰਧ ਵੀ ਅਸੀਂ ਹੀ ਕਰੀਏ।ਉਹ ਸਹੁਰਿਆਂ ਕੋਲ ਇਸ ਦੀ ਮੰਗ ਨਹੀਂ ਕਰੇਗੀ। ਅਜਿਹੇ 'ਚ ਪੈਸੇ ਕਿਥੋਂ ਲਿਆਈਏ। ਪੈਨਸ਼ਨ ਤਾਂ ਬਸ ਇੰਨੀ ਕੁ ਹੀ ਮਿਲਦੀ ਹੈ ਕਿ ਸਾਡਾ ਗੁਜ਼ਾਰਾ ਹੋ ਜਾਵੇ। ਸੋਚਿਆ ਕਿ ਅੱਜ ਨਹੀਂ ਤਾਂ ਕਲ, ਘਰ ਲੜਕੀ ਨੂੰ ਹੀ ਮਿਲੇਗਾ ਤਾਂ ਕੀ ਕਰੀਏ। ਵੇਚਣਾ ਪਿਆ। ਇੰਨਾ ਪੈਸਾ ਆਖਿਰ ਕਿਥੋਂ ਲਿਆਉਂਦੇ। ਨਾਂਹ ਕਰਦੇ ਤਾਂ ਲੜਕੀ ਇੰਨਾ ਕਲੇਸ਼ ਕਰਦੀ ਕਿ ਜਿਉਣਾ ਮੁਸ਼ਕਲ ਹੋ ਜਾਂਦਾ। ਖੁਦ 7 ਸਾਲ ਤੋਂ ਨੌਕਰੀ ਕਰਦੀ ਹੈ ਪਰ ਬੱਚਤ ਕਿਸ ਨੂੰ ਕਹਿੰਦੇ ਹਨ, ਨਹੀਂ ਜਾਣਦੀ।

ਸਹੇਲੀ ਦੀ ਗੱਲ ਸੁਣ ਕੇ ਹੈਰਾਨੀ ਵੀ ਹੋਈ ਅਤੇ ਗੁੱਸਾ ਵੀ ਆਇਆ।ਕਹਿੰਦੇ ਤਾਂ ਇਹ ਹਨ ਕਿ ਲੜਕੀਆਂ ਆਪਣੇ ਮਾਤਾ-ਪਿਤਾ ਦੀ ਪ੍ਰੇਸ਼ਾਨੀ ਅੱਖ ਝਪਕਦੇ ਹੀ ਸਮਝਦੀਆਂ ਹਨ ਪਰ ਇਥੇ ਉਲਟਾ ਹੀ ਦਿਖਾਈ ਦੇ ਰਿਹਾ ਸੀ।

ਜਦੋਂ ਤੋਂ ਮੀਡੀਆ ਵਿਚ ਸੈਲੀਬ੍ਰਿਟੀਜ਼ ਦੀ ਜੀਵਨਸ਼ੈਲੀ ਨੂੰ ਵੱਧ ਤੋਂ ਵੱਧ ਦਿਖਾਉਣ ਦਾ ਰਿਵਾਜ਼ ਵਧਿਆ ਹੈ, ਉਦੋਂ ਤੋਂ ਵਧੇਰੇ ਨੌਜਵਾਨ ਲੜਕੇ, ਲੜਕੀਆਂ ਉਹੋ ਜਿਹਾ ਹੀ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਦਿਸ ਰਿਹਾ ਹੈ।

ਇਕ ਵਾਰ ਦੱਸਿਆ ਗਿਆ ਸੀ ਕਿ ਆਪਣੇ ਵਿਆਹ ਵਿਚ ਅਨੁਸ਼ਕਾ ਸ਼ਰਮਾ ਨੇ ਜੋ ਸਾੜ੍ਹੀ ਪਹਿਨੀ ਸੀ ਅਤੇ ਜਿਸ ਦੁਕਾਨ ਤੋਂ ਖਰੀਦੀ ਸੀ ਉਹੋ ਜਿਹੀਆਂ ਸਾੜ੍ਹੀਆਂ ਇਕ ਦਿਨ ਵਿਚ ਹੀ 400 ਵਿਕ ਗਈਆਂ ਸਨ ਅਤੇ ਉਨ੍ਹਾਂ ਦੀ ਭਾਰੀ ਮੰਗ ਸੀ।

ਇਕ ਪਾਸੇ ਵਿਆਹਾਂ 'ਚ ਦਿਖਾਵਾ ਨਾ ਹੋਵੇ, ਦਾਜ ਨਾ ਹੋਵੇ, ਇਸ ਦੀ ਮੰਗ ਕੀਤੀ ਜਾਂਦੀ ਹੈ ਪਰ ਅਜਿਹਾ ਮਹਿਸੂਸ ਹੁੰਦਾ ਹੈ ਕਿ ਜਿੰਨਾ ਦਾਜ ਅਤੇ ਦਿਖਾਵੇ ਦਾ ਵਿਰੋਧ ਹੁੰਦਾ ਹੈ, ਉਹ ਓਨਾ ਹੀ ਵਧਦਾ ਜਾਂਦਾ ਹੈ।ਉਂਝ ਵੀ ਇਨ੍ਹੀਂ ਦਿਨੀਂ ਦਾਜ ਦੇ ਵਿਰੋਧ 'ਚ ਬਹੁਤ ਘੱਟ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਇਸ ਦੇ ਇਲਾਵਾ ਇਹ ਸੋਚ ਕਿ ਵਿਆਹ ਇਕ ਵਾਰ ਹੀ ਹੁੰਦਾ ਹੈ, ਇਸ ਲਈ ਉਹ ਅਜਿਹਾ ਹੋਵੇ ਕਿ ਦੁਨੀਆ ਕਹੇ ਕਿ ਅਜਿਹਾ ਵਿਆਹ ਨਾ ਕਦੇ ਦੇਖਿਆ ਨਾ ਸੁਣਿਆ ਅਤੇ ਹਮੇਸ਼ਾ ਯਾਦ ਰੱਖੋ।

ਪਰ ਅਸੀਂ ਜਾਣਦੇ ਹਾਂ ਕਿ ਵਿਆਹ ਵਾਲੀ ਥਾਂ ਤੋਂ ਬਾਹਰ ਨਿਕਲਦੇ ਹੀ ਅਕਸਰ ਉਸ ਦੀ ਆਲੋਚਨਾ ਸ਼ੁਰੂ ਹੋ ਜਾਂਦੀ ਹੈ। ਕੋਈ ਖਾਣੇ ਦੀ ਬੁਰਾਈ ਕਰਦਾ ਹੈ, ਕੋਈ ਸਾਜ-ਸੱਜਾ ਦੀ ਤਾਂ ਕੋਈ ਲਾੜੇ-ਲਾੜੀ ਦੀ ਅਤੇ ਇਹ ਦਿਖਾਵੇ ਸਿਰਫ ਉਨ੍ਹਾਂ ਵਿਆਹਾਂ 'ਚ ਹੀ ਨਹੀਂ ਹੁੰਦੇ ਜੋ ਮਾਤਾ-ਪਿਤਾ ਵੱਲੋਂ ਤੈਅ ਕੀਤੇ ਜਾਂਦੇ ਹਨ, ਉਨ੍ਹਾਂ 'ਚ ਵੀ ਹੁੰਦੇ ਹਨ, ਜਿੱਥੇ ਲੜਕੇ-ਲੜਕੀਆਂ ਆਪਣੀ ਪਸੰਦ ਨਾਲ ਵਿਆਹ ਕਰਦੇ ਹਨ।


ਸਮੇਂ ਦੇ ਨਾਲ ਵਿਆਹਾਂ ਦੇ ਇੰਨੇ ਖਰਚੇ ਵਧ ਗਏ ਹਨ ਕਿ ਮਾਤਾ-ਪਿਤਾ ਤਰਾਹ-ਤਰਾਹ ਕਰ ਰਹੇ ਹਨ।

ਭਾਰਤ ਵਿਚ ਵਿਆਹ ਦਾ ਬਾਜ਼ਾਰ 130 ਬਿਲੀਅਨ ਡਾਲਰ ਦਾ ਹੈ। ਇਸੇ 'ਚ ਇਹ ਕਿਹਾ ਗਿਆ ਸੀ ਕਿ ਅਕਸਰ ਇਕ ਵਿਆਹ 'ਚ ਸਾਢੇ 12 ਲੱਖ ਰੁਪਏ ਖਰਚ ਹੁੰਦੇ ਹਨ। ਇਨ੍ਹੀਂ ਦਿਨੀਂ ਜਦੋਂ ਆਮ ਤੌਰ 'ਤੇ ਮਹਿੰਗਾਈ ਅਤੇ ਬੇਰੋਜ਼ਗਾਰੀ ਕਾਰਨ ਲੋਕਾਂ ਦੀ ਆਮਦਨ ਘੱਟ ਹੁੰਦੀ ਜਾ ਰਹੀ ਹੈ, ਤਾਂ ਸਾਢੇ 12 ਲੱਖ ਇਕ ਵੱਡੀ ਰਕਮ ਹੈ।

ਦਰਮਿਆਨੇ ਵਰਗ 'ਚ ਇਕ ਸੋਚ ਲੋੜ ਤੋਂ ਵੱਧ ਹੈ। ਉਹ ਅੱਖਾਂ ਮੀਚ ਕੇ ਉਹੀ ਕਰਦੇ ਹਨ ਜੋ ਦੇਖਦੇ ਹਨ ਅਤੇ ਕਹਿੰਦੇ ਤਾਂ ਹਨ ਕਿ ਜੋ ਦਿਸਦਾ ਹੈ ਉਸ ਨੂੰ ਹੀ ਲੋਕ ਅਪਣਾਉਂਦੇ ਹਨ, ਉਹੀ ਵਿਕਦਾ ਵੀ ਹੈ।

**ਸ਼ਮਾ ਸ਼ਰਮਾ**

## 'ਚੁਸਤ ਦਿਮਾਗ' ਲਈ ਕੀ ਕਰੀਏ?



ਭੱਜਦੌੜ ਭਰੀ ਜ਼ਿੰਦਗੀ 'ਚ ਇਨਸਾਨ ਸਿਹਤ ਲਈ ਸਮਾਂ ਹੀ ਨਹੀਂ ਕੱਢ ਪਾਉਂਦਾ। ਹੱਥ, ਪੈਰ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਫਿਰ ਵੀ ਕਈ ਲੋਕ ਕਸਰਤ ਕਰ ਲੈਂਦੇ ਹਨ ਪਰ ਦਿਮਾਗ ਨੂੰ ਐਕਟਿਵ ਰੱਖਣ ਲਈ ਕੋਈ ਉਪਾਅ ਨਹੀਂ ਕੀਤੇ ਜਾਂਦੇ। ਇਹ ਸਾਹਮਣੇ ਆਈ ਹੈ ਕਿ ਜਦੋਂ ਵਿਅਕਤੀ ਚੈਨ ਦੀ ਨੀਂਦ ਸੌਂਦਾ ਹੈ, ਉਦੋਂ ਯਾਦਦਾਸ਼ਤ, ਘਟਨਾਵਾਂ ਨੂੰ ਯਾਦ ਰੱਖਣ ਦਾ ਕੰਮ ਕਰਦੀ ਹੈ। ਇਸ ਨਾਲ ਨੀਂਦ 'ਚ ਵੀ ਦਿਮਾਗ ਦੀ ਕਸਰਤ ਹੁੰਦੀ ਹੈ। ਸੁਪਨੇ ਦੇਖਣ ਦੌਰਾਨ ਵੀ ਸਾਡਾ ਦਿਮਾਗ ਕਾਫੀ ਸਰਗਰਮ ਰਹਿੰਦਾ ਹੈ। ਇਸ ਲਈ ਰੋਜ਼ਾਨਾ ਸਹੀ ਸਮੇਂ 'ਤੇ ਸੌਂਵੋ ਅਤੇ ਭਰਪੂਰ ਨੀਂਦ ਲਓ।

**ਸਵੇਰੇ ਜਲਦੀ ਉੱਠੋ:**

ਜਲਦੀ ਉੱਠਣ ਦੇ ਕਈ ਫਾਇਦੇ ਹਨ।ਇਸ ਨੂੰ ਲੈ ਕੇ ਕਈ ਕਹਾਵਤਾਂ ਵੀ ਹਨ। ਇਸ ਦੇ ਧਾਰਮਿਕ ਅਤੇ ਅਧਿਆਤਮਕ ਕਾਰਨ ਵੀ ਹਨ ਪਰ ਸਿਹਤ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਸਵੇਰੇ- ਸਵੇਰੇਵਾਤਾਵਰਣ ਜ਼ਿਆਦਾ ਸਵੱਛ ਅਤੇ ਸਿਹਤਮੰਦ ਹੁੰਦਾ ਹੈ। ਇਸ ਲਈ ਸਵੇਰੇ ਜਲਦੀ ਉੱਠ ਕੇ ਸੈਰ ਲਈ ਨਿਕਲੋ।

ਸੂਰਜ ਦੀ ਰੌਸ਼ਨੀ ਤੋਂ ਵਿਟਾਮਿਨ ਡੀ ਮਿਲਦਾ ਹੈ ਅਤੇ ਤੇਜ਼ੀ ਨਾਲ ਟਹਿਲਣ ਨਾਲ ਸਰੀਰ 'ਚ ਖ਼ੂਨ ਸੰਚਾਰ ਤੇਜ਼ ਹੁੰਦਾ ਹੈ, ਜਿਸ ਨਾਲ ਦਿਮਾਗ 'ਚ ਤੇਜ਼ੀ ਨਾਲ ਆਕਸੀਜ਼ਨ ਅਤੇ ਪੋਸ਼ਕ ਤੱਤਾਂ ਦਾ ਸੰਚਾਰ ਹੁੰਦਾ ਹੈ ਅਤੇ ਦਿਮਾਗ ਤੇਜ਼ ਚੱਲਦਾ ਹੈ। ਯਾਦਾਂ ਦੀ ਕਸਰਤ ਕਹਿੰਦੇ ਹਨ ਚੰਗੇ ਆਈ.ਕਿਊ. ਲਈ ਯਾਦ ਸ਼ਕਤੀ ਚੰਗੀ ਹੋਣੀ ਜ਼ਰਗੇ ਹੈ।ਯਾਦਦਾਸ਼ਤ ਨੂੰ ਬਿਹਤਰ ਬਣਾਉਣ ਲਈ ਆਸਾਨ ਕਸਰਤ ਕੀਤੀ ਜਾ ਸਕਦੀ ਹੈ। ਇਸ ਦੇ ਲਈ ਸ਼ਾਂਤਚਿਤ ਹੋ ਕੇ ਬੈਠ ਜਾਓ ਅਤੇ ਕਿਸੇ ਦਿਲਚਸਪ ਸਫਰ ਜਾਂ ਚੰਗੀਆਂ ਘਟਨਾਵਾਂ ਨਾਲ ਜੁੜੀਆਂ ਗੱਲਾਂ ਅਤੇ ਚੀਜ਼ਾਂ ਨੂੰ ਯਾਦ ਕਰਨਾ ਸ਼ੁਰੂ ਕਰੋ। ਹੋ ਸਕੇ ਤਾਂ ਇਨ੍ਹਾਂ ਨੂੰ ਕਾਗਜ਼ 'ਤੇ ਵੀ ਨੋਟ ਕਰੋ। ਇਸ ਨਾਲ ਦਿਮਾਗ ਐਸੀਟਾਇਕੋਲਾਇਨ ਦੀ ਮਾਤਰਾ ਵਧਦੀ ਹੈ। ਪਾਜ਼ੇਟਿਵ ਸਾਈਡ 'ਚ ਲਿਜਾਉਣ ਲਈ ਬੁਝਾਰਤਾਂ ਬੁੱਝਣਾ ਵੀ ਚੰਗੀ ਕਸਰਤ ਹੈ। ਖੋਜ 'ਚ ਇਹ ਸਾਹਮਣੇ ਆਇਆ ਹੈ ਕਿ ਵਰਗ ਪਹੇਲੀ ਜਾਂ ਕਾਸਵਰਡ ਜਾਂ ਸੁਡੋਕ ਵਰਗੀਆਂ ਬੁਝਾਰਤਾਂ ਜਾਂ ਵਰਡ ਗੇਮਸ ਯਾਦਦਾਸ਼ਤ ਤੇਜ਼ ਰੱਖਣ, ਮਾਨਸਿਕ ਬੀਮਾਰੀਆਂ ਤੋਂ ਦੂਰ ਰੱਖਣ ਅਤੇ ਦਿਮਾਗ ਨੂੰ ਐਕਟਿਵ ਰੱਖਣ 'ਚ ਮਦਦਗਾਰ ਹੁੰਦੇ ਹਨ।

## 4300 ਕਰੋੜਪਤੀ ਛੱਡ ਜਾਣਗੇ ਭਾਰਤ



**ਲੰਡਨ:** ਪੱਛਮੀ ਦੇਸ਼ਾਂ 'ਚ ਜਾਣ ਦੀ ਰੀਝ ਸਿਰਫ ਆਮ ਸਧਾਰਨ ਲੋਕਾਂ ਦੀ ਹੀ ਨਹੀਂ ਬਲਕਿ ਕਰੋੜਪਤੀ ਲੋਕਾਂ ਦੀ ਵੀ ਹੈ। ਜਦੋਂ ਇਕ ਅਮੀਰ ਵਿਅਕਤੀ ਦੇਸ਼ ਛੱਡ ਕੇ ਜਾਂਦਾ ਹੈ ਤਾਂ ਉਸ ਦਾ ਅਸਰ ਬਹੁਤ ਸਾਰੇ ਲੋਕਾਂ 'ਤੇ ਪੈਂਦਾ ਹੈ।

ਭਾਵੇਂ ਦੋਵਾਂ ਨਾਲ ਹੀ ਦੇਸ਼ ਦੀ ਆਰਥਿਕਤਾ ਨੂੰ ਨੁਕਸਾਨ ਹੁੰਦਾ ਹੈ ਪਰ ਬੀਤੇ ਇਕ ਦਹਾਕੇ ਤੋਂ ਇਹ ਰੁਝਾਨ ਕਾਫੀ ਵਧਿਆ ਹੈ। ਹੈਨਲੇ ਐਂਡ ਪਾਰਟਨਰਜ਼ ਵਲੋਂ ਇਕੱਤਰ ਅੰਕੜਿਆਂ ਅਧਾਰਿਤ ਜਾਰੀ 2024 ਰਿਪੋਰਟ ਅਨੁਸਾਰ ਦੇਸ਼ ਛੱਡਣ ਵਾਲੇ ਅਮੀਰਾਂ ਵਿਚ ਸਭ ਤੋਂ ਅੱਗੇ ਚੀਨ ਹੈ।

ਸਾਲ 2024 ਸਾਲ ਦੌਰਾਨ 15200 ਚੀਨੀ, 9500 ਬਰਤਾਨਵੀ, 4300 ਭਾਰਤੀ, 1200 ਦੱਖਣੀ ਕੋਰੀਆਈ ਅਤੇ 1000 ਰੂਸੀਆਂ ਦੇ ਆਪੋ-ਆਪਣਾ ਦੇਸ਼ ਛੱਡਣ ਦੇ ਅਸਾਰ ਹਨ। 2019 ਵਿਚ 7000, 2020 ਵਿਚ 5000 ਭਾਰਤੀ ਅਮੀਰਾਂ ਨੇ ਦੇਸ਼ ਛੱਡਿਆ ਸੀ, ਜਦਕਿ 2023 ਵਿਚ 5100 ਭਾਰਤੀ ਅਮੀਰ ਦੇਸ਼ ਛੱਡ ਕੇ ਗਏ ਸਨ।



# ਮੁੰਡੇ ਮੈਨੂੰ 'ਮੁਆਫ' ਕਰਨ: ਜੂਲੀਆ ਫਾਕਸ

ਇਤਾਲਵੀ ਅਮਰੀਕੀ ਮਾਡਲ ਅਤੇ ਅਭਿਨੇਤਰੀ ਜੂਲੀਆ ਫਾਕਸ ਆਪਣੀ ਪੇਸ਼ੇਵਰ ਜ਼ਿੰਦਗੀ ਤੋਂ ਕਿਤੇ ਵੱਧ, ਨਿੱਜੀ ਜਿੰਦਗੀ ਨੂੰ ਲੈ ਕੇ ਸੁਰਖੀਆਂ 'ਚ ਰਹੀ ਹੈ। ਉਸ ਦਾ ਨਾਂ ਹਾਲੀਵੁੱਡ ਦੇ ਮਸ਼ਹੂਰ ਸਿੰਗਰ ਅਤੇ ਕਿਮ ਕਾਰਦਾਸ਼ੀਅਨ ਦੇ ਸਾਬਕਾ ਪਤੀ ਕਾਨਯੇ ਵੈਸਟ ਨਾਲ ਵੀ ਜੁੜਿਆ ਸੀ। ਇਕ ਵਾਰ ਫਿਰ ਜੂਲਿਆ ਸੁਰਖੀਆਂ 'ਚ ਹੈ ਅਤੇ ਇਸ ਦਾ ਕਾਰਨ ਹੈ, ਉਸ ਦਾ ਹੈਰਾਨ ਕਰਨ ਵਾਲਾ ਇਹ ਖੁਲਾਸਾ ਕਿ ਉਹ ਲੈਸਬੀਅਨ ਭਾਵ ਸਮਲਿੰਗੀ ਹੈ।ਆਪਣੀ ਬੋਲਡ ਅਤੇ ਹੌਟ ਲੁੱਕ ਲਈ ਚਰਚਾ 'ਚ ਰਹਿਣ ਵਾਲੀ ਜੂਲੀਆ ਦੇ ਫੈਨਜ਼ ਲਈ ਇਹ ਇਕ ਬਹੁਤ ਹੈਰਾਨ ਕਰਨ ਵਾਲੀ ਖਬਰ ਹੈ। ਜੂਲੀਆ ਨੇ ਸੋਸ਼ਲ ਮੀਡੀਆ 'ਤੇ ਇਕ ਯੂਜਰ ਦਾ ਵੀਡੀਓ ਸ਼ੇਅਰ ਕੀਤਾ, ਜੋ ਉਸ 'ਚ ਕਹਿ ਰਹੀ ਸੀ,"ਮੈਨੂੰ ਚੰਗਾ ਲੱਗਦਾ ਹੈ ਜਦੋਂ ਮੈਂ ਕਿਸੇ ਲੈਸਬੀਅਨ ਨੂੰ ਉਸ ਦੇ ਬੁਆਏਫ੍ਰੈਂਡ ਨਾਲ ਦੇਖਦੀ ਹਾਂ। ਤੁਸੀਂ ਕਹਿੰਦੇ ਹੋ ਕਿ ਓਹ, ਤੁਸੀਂ ਉਸ ਆਦਮੀ ਤੋਂ ਨਫਰਤ ਕਰਦੇ ਹੋ।ਓਏ! ਉਹ ਮੈਂ ਸੀ, ਮੈਂ ਉਹ ਲੈਸਬੀਅਨ ਸੀ।" ਇਸ ਵੀਡੀਓ ਨੂੰ ਸ਼ੇਅਰ ਕਰਦੇ ਹੋਏ ਜੂਲੀਆ ਨੇ ਕਿਹਾ, "ਮੈਂ ਸਾਰਿਆਂ ਮੁੰਡਿਆਂ ਨੂੰ ਸੌਰੀ ਬੋਲਦੀ ਹਾਂ।ਹੁਣ ਅਜਿਹਾ ਦੁਬਾਰਾ ਨਹੀਂ ਹੋਵੇਗਾ।" ਕਾਨਯੇ ਵੈਸਟ ਨਾਲ ਕੀਤਾ ਪਿਆਰ ਕਿਮ ਕਾਰਦਾਸ਼ੀਅਨ ਤੋਂ ਤਲਾਕ ਤੋਂ ਬਾਅਦ ਕਾਨਯ ਵੈਸਟ ਨੇ ਜੂਲੀਆ ਫਾਕਸ ਨੂੰ ਦੋ ਸਾਲ ਤਕ ਡੇਟ ਕੀਤਾ ਸੀ। ਜੂਲੀਆ ਆਪਣੇ ਆਪ ਨੂੰ ਲੈਸਬੀਅਨ ਦੱਸਣ ਵਾਲੀਜੂਲੀਆ ਤਲਾਕਸ਼ੁਦਾ ਵੀ ਹੈ। ਉਸ ਨੇ ਸਾਲ 2018 'ਚ ਪਾਇਲਟ ਪੀਟਰ ਆਰਟੇਮਿਏਵ ਨਾਲ ਵਿਆਹ ਕੀਤਾ ਸੀ ਅਤੇ ਸਾਲ 2020 'ਚ ਦੋਵਾਂ ਦਾ ਤਲਾਕ ਹੋ ਗਿਆ।

ਇੰਨਾ ਹੀ ਨਹੀਂ, ਉਹ ਇਕ ਬੇਟੇ ਦੀ ਮਾਂ ਵੀ ਹੈ। ਆਪਣੀ ਜੀਵਨੀ ' ਜੂਲੀਆ ਨੇ ਸਹੇਲੀ ਗਿਆਨਾ ਦੇ ਪ੍ਰਤੀ ਭਾਵਨਾਵਾਂ ਦੇ ਬਾਰੇ 'ਚ ਦੱਸਿਆ ਸੀ ਕਿ ਜੇਕਰ ਉਹ ਪਹਿਲਾਂ ਹੀ ਆਪਣੀ ਸੈਕਸੁਐਲਿਟੀ ਨੂੰ ਲੈ ਕੇ ਸੁਚੇਤ ਹੁੰਦੀ ਤਾਂ ਗਿਆਨਾ ਨਾਲ ਹੀ ਰਿਲੇਸ਼ਨਸ਼ਿਪ 'ਚ ਹੁੰਦੀ। ਉਨ੍ਹਾਂ ਦੇ ਸਬੰਧ ਬਹੁਤ ਅਤਰੰਗੀ ਸਨ ਪਰ ਉਨ੍ਹਾਂ ਨੇ ਕਦੇ ਇਸ ਇਸ ਬਾਰੇ 'ਚ ਖੁੱਲ੍ਹ ਕੇ ਗੱਲ ਨਹੀਂ ਕੀਤੀ। ਉਸ ਦੀ ਮੌਤ ਨਾਲ ਉਸ ਨੂੰ ਗਹਿਰਾ ਸਦਮਾ ਲੱਗਾ ਸੀ।

## INSTA UPDATE



ਟਾਈਗਰ ਸ਼ਰੌਫ ਦਾ ਬੇਬਾਕ ਅੰਦਾਜ



ਜਾਹਨਵੀ ਕਪੂਰ ਦਾ ਸ਼ਾਨਦਾਰ ਅੰਦਾਜ

# ਜੀਆ ਨੇ 'ਮਨਚਲੇ' ਨੂੰ ਠੱਪੀ ਖੁੰਭ

ਜੀਆ ਸ਼ੰਕਰ ਇਸ ਸਮੇਂ ਬਹੁਤ ਗੁੱਸੇ 'ਚ ਹੈ ਅਤੇ ਉਸ ਨੇ ਸੋਸ਼ਲ ਮੀਡੀਆ 'ਤੇ ਟ੍ਰੋਲ ਕਰਨ ਵਾਲੇ ਇਕ ਵਿਅਕਤੀ ਦੀ ਖੂਬ ਕਲਾਸ ਲਗਾ ਦਿੱਤੀ। ਹਾਲ ਹੀ 'ਚ ਇਕ ਟ੍ਰੋਲਰ ਨੇ ਸੋਸ਼ਲ ਮੀਡੀਆ 'ਤੇ ਜੀਆ ਨੂੰ ਲੈ ਕੇ ਇਕ ਭੱਦਾ ਕਮੈਂਟ ਕੀਤਾ ਸੀ। ਟ੍ਰੋਲਰ ਨੇ ਜੀਆ ਦੀ ਕੁਝ ਕਾਲੇ ਵਿਦੇਸ਼ੀਆਂ ਨਾਲ ਇਕ ਵਾਇਰਲ ਕੀਤੀ।

ਤਸਵੀਰ 'ਤੇ ਬੇਹੂਦਾ ਕਮੈਂਟ ਅਤੇ ਘਟੀਆ ਸ਼ਬਦਾਂ ਦੀ ਵਰਤੋਂ ਜੀਆ ਨੇ ਇਸ ਨੂੰ ਇਗਨੋਰ ਕਰਨ ਦੀ ਬਜਾਏ ਸਬਕ ਸਿਖਾਉਣ ਦਾ ਫੈਸਲਾ ਕਰ ਲਿਆ। ਉਸ ਨੇ ਇਸ ਭੱਦੇ ਕਮੈਂਟ ਕਰਨ ਵਾਲੇ ਯੂਜ਼ਰ ਨੂੰ ਘਟੀਆ ਦੱਸਿਆ।

ਹਾਲਾਂਕਿ ਬਾਅਦ 'ਚ ਯੂਜ਼ਰ ਨੇ ਆਪਣੀ ਪੋਸਟ ਅਤੇ ਕਮੈਂਟ ਡਿਲੀਟ ਕਰ ਦਿੱਤੇ।

ਉਸ ਯੂਜ਼ਰ ਨੇ ਕੁਝ ਕਾਲੇ ਲੋਕਾਂ ਨਾਲ ਜੀਆ ਦੀ ਤਸਵੀਰ ਸ਼ੇਅਰ ਕਰਦੇ ਹੋਏ ਲਿਖਿਆ ਸੀ, "ਮੈਨੂੰ ਆਪਣੇ ਦਿਮਾਗ ਤੋਂ ਨਫ਼ਰਤ ਹੈ। ਇਹ ਨਰਕ 'ਚ ਜਾਣ ਦਾ ਸਮਾਂ ਹੈ।" ਇਸ ਨੂੰ ਦੇਖ ਜੀਆ ਭੜਕ ਗਈ ਅਤੇ ਉਸ ਨੇ ਜਵਾਬ 'ਚ ਲਿਖਿਆ, "ਆਸ ਕਰਦੀ ਹਾਂ ਕਿ ਤੁਸੀਂ ਨਰਕ 'ਚ ਸੜੋ। ਕੀ ਔਰਤਾਂ ਨੂੰ ਕਾਲੇ ਲੋਕਾਂ ਨਾਲ ਤਸਵੀਰਾਂ ਨਹੀਂ ਲੈਣੀਆਂ ਚਾਹੀਦੀਆਂ, ਭਾਵੇਂ ਉਹ ਉਨ੍ਹਾਂ ਦੇ ਸਹਿ-ਕਰਮਚਾਰੀ ਜਾਂ ਫੈਨਜ਼ ਹੋਣ ? ਨਹੀਂ ਤਾਂ ਤੁਹਾਡੇ ਵਰਗੇ ਲੋਕ ਘਟੀਆ ਨਸਲਵਾਦੀ ਕਮੈਂਟ ਕਰਨਗੇ, ਜੋ ਘਟੀਆ ਮਾਨਸਿਕਤਾ ਨਾਲ ਸੋਚਦੇ ਹਨ। ਫਿਰ ਭਾਵੇਂ ਉਹ ਆਮ ਤਸਵੀਰ ਹੀ ਕਿਉਂ ਨਾ ਹੋਵੇ।

# ਇਸ਼ਕ ਮੁਸ਼ਕ

## ਅਲੀ ਫੈਜ਼ਲ ਤੇ ਰਿਚਾ ਚੱਢਾ ਦੇ ਘਰ ਧੀ ਨੇ ਜਨਮ ਲਿਆ




ਮਾਂ ਬਣਨਾ ਹਰ ਔਰਤ ਦਾ ਸੁਪਨਾ ਹੁੰਦਾ ਹੈ। ਇਸ ਦੌਰਾਨ ਕਈ ਤਰ੍ਹਾਂ ਦੇ ਅਨੁਭਵ ਅਤੇ ਅਹਿਸਾਸ ਉਸ ਨੂੰ ਹੁੰਦੇ ਹਨ ਪਰ ਇਨ੍ਹਾਂ ਨੂੰ ਪ੍ਰਗਟਾ ਸਕਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ ਪਰ ਰਿਚਾ ਚੱਢਾ ਆਪਣੇ ਇਨ੍ਹਾਂ ਅਹਿਸਾਸਾਂ ਨੂੰ ਬੜੀ ਖੂਬਸੂਰਤੀ ਨਾਲ ਪ੍ਰਗਟ ਕਰਦੀ ਹੈ।

ਬੌਲੀਵੁੱਡ ਜੋੜੀ ਰਿਚਾ ਚੱਢਾ ਤੇ ਅਲੀ ਫੈਜ਼ਲ ਦੇ ਘਰ ਧੀ ਨੇ ਜਨਮ ਲਿਆ ਹੈ। ਇੰਸਟਾਗ੍ਰਾਮ 'ਤੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜੋੜੇ ਨੇ ਦੱਸਿਆ ਕਿ ਉਨ੍ਹਾਂ ਨੇ 16 ਜੁਲਾਈ ਨੂੰ ਸਿਹਤਮੰਦ ਬੱਚੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਲਿਖਿਆ, ''ਸਾਡਾ ਪਰਿਵਾਰ ਖੁਸ਼ੀ ਨਾਲ ਝੂਮ ਰਿਹਾ ਹੈ। ਅਸੀਂ ਆਪਣੇ ਚਾਹੁਣ ਵਾਲਿਆਂ ਦਾ ਦੁਆਵਾਂ ਦੇਣ ਲਈ ਧੰਨਵਾਦ ਕਰਦੇ ਹਾਂ।'' ਜੋੜੇ ਨੇ ਇਸੇ ਸਾਲ ਫਰਵਰੀ ਮਹੀਨੇ ਰਿਚਾ ਦੇ ਗਰਭਵਤੀ ਹੋਣ ਸਬੰਧੀ ਜਾਣਕਾਰੀ ਸਾਂਝੀ ਕੀਤੀ ਸੀ। ਰਿਚਾ ਅਤੇ ਅਲੀ ਪਹਿਲੀ ਵਾਰ ਸਾਲ 2013 ਵਿੱਚ ਫ਼ਿਲਮ 'ਫੁਕਰੇ' ਦੇ ਸੈੱਟ 'ਤੇ ਮਿਲੇ ਸਨ ਅਤੇ ਕਰੋਨਾ ਮਹਾਮਾਰੀ ਦੇ ਦੌਰਾਨ ਸਾਲ 2020 ਵਿੱਚ ਦੋਵਾਂ ਨੇ ਵਿਆਹ ਕਰਾਉਣ ਦਾ ਫ਼ੈਸਲਾ ਕੀਤਾ ਸੀ।



# ਸਾਂਝੇ ਪੰਜਾਬ ਦਾ ਮਾਣਮਤਾ ਗਾਇਕ

# ਆਲਮ ਲੁਹਾਰ



ਬੋਲ ਮਿੱਟੀ ਦਿਆ ਬਾਵਿਆ, ਤੇਰੇ ਦੁੱਖਾਂ ਨੇ ਮਾਰ ਮੁਕਾ ਲਿਆ, ਮੇਰਾ ਸੋਹਣਾ ਮਾਹੀ ਆਜਾ ਹੋ…' ਆਲਮ ਲੁਹਾਰ ਦਾ ਗਾਇਆ ਇਹ ਗੀਤ ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ।

ਬੋਲ ਮਿੱਟੀ ਦਿਆ ਬਾਵਿਆ, ਤੇਰੇ ਦੁੱਖਾਂ ਨੇ ਮਾਰ ਮੁਕਾ ਲਿਆ, ਮੇਰਾ ਸੋਹਣਾ ਮਾਹੀ ਆਜਾ ਹੋ…' ਆਲਮ ਲੁਹਾਰ ਦਾ ਗਾਇਆ ਇਹ ਗੀਤ ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ। ਉੱਚੀ ਤੇ ਸੁਰੀਲੀ ਆਵਾਜ਼ ਨਾਲ ਚਿਮਟੇ ਤੇ ਅਲਗੋਜਿਆਂ ਦੀ ਤਾਲ ਨਾਲ ਸਰੋਤਿਆਂ ਦੇ ਦਿਲਾਂ 'ਚ ਆਪਣੀ ਗਾਇਕੀ ਨਾਲ ਜੋਸ਼ ਭਰ ਦੇਣ ਵਾਲੇ ਆਲਮ ਲੁਹਾਰ ਦੀ ਰੀਸ ਅਜੇ ਤਕ ਲਹਿੰਦੇ ਤੇ ਚੜ੍ਹਦੇ ਪੰਜਾਬ ਦਾ ਕੋਈ ਵੀ ਗਾਇਕ ਨਹੀਂ ਕਰ ਸਕਿਆ। ਉਨ੍ਹਾਂ ਦੇ ਗਾਏ ਹਰ ਗਾਣੇ ਦੇ ਡੂੰਘੇ ਅਰਥ ਹੁੰਦੇ ਸਨ ਤੇ ਹਰ ਗੀਤ ਬਾਕਮਾਲ ਹੁੰਦਾ ਸੀ।

**13 ਸਾਲ ਦੀ ਉਮਰ 'ਚ ਐਲਬਮ:**

ਆਲਮ ਲੁਹਾਰ ਦਾ ਜਨਮ 1928 'ਚ ਬਰਤਾਨਵੀ ਭਾਰਤ ਦੇ ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਖਾਰੀਆਂ ਦੇ ਪਿੰਡ ਓਚ ਕੋਚ ਵਿਚ ਹੋਇਆ। ਉਹ ਸਾਂਝੇ ਪੰਜਾਬ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਤੇ ਸ਼ਹਿਰਾਂ 'ਚ ਲੱਗਦੇ ਮੇਲਿਆਂ ਵਿਚ ਅਖਾੜੇ ਲਾ ਕੇ ਸੈਂਕੜੇ ਪੰਜਾਬੀਆਂ ਨੂੰ ਇਕੱਠਿਆਂ ਕਰ ਕੇ ਸਾਰੀ ਜ਼ਿੰਦਗੀ ਗਾਉਂਦਾ ਰਿਹਾ। ਆਲਮ ਲੁਹਾਰ ਨੇ ਆਪਣੀ ਗਾਇਕੀ ਦੀ ਪਹਿਲੀ ਐਲਬਮ 13 ਸਾਲ ਦੀ ਉਮਰ 'ਚ ਰਿਕਾਰਡ ਕਰਵਾਈ। ਮੀਆਂ ਮੁਹੰਮਦ ਬਖ਼ਸ਼ ਦੀ ਲਿਖੀ ਸੈਫੁਲ ਮਲੂਕ 1948 ਵਿਚ ਗਾਈ। ਕਿੱਸਾ ਯੂਸਫ ਜੁਨੇਜਾ 1961 'ਚ ਗਾਇਆ। ਉਨ੍ਹਾਂ ਦਾ ਗਾਇਆ ਗੀਤ 'ਬੋਲ ਮਿੱਟੀ ਦਿਆ ਬਾਵਿਆ' 1964 ਵਿਚ ਬਹੁਤ ਮਕਬੂਲ ਹੋਇਆ। ਉਨ੍ਹਾਂ ਨੇ ਕਿੱਸਾ ਦੁੱਲ੍ਹਾ ਭੱਟੀ 1959 ਵਿਚ ਗਾਇਆ। ਕਿੱਸਾ ਮਿਰਜ਼ਾ ਜੱਟ 1967, ਕਿੱਸਾ ਹੀਰ-ਰਾਂਝਾ 1969 ਤੇ ਕਿੱਸਾ ਸੱਸੀ ਪੁੰਨੂੰ 1972 ਵਿਚ ਗਾਇਆ। ਉਨ੍ਹਾਂ ਨੇ 1973 ਵਿਚ 'ਵਾਜ਼ਾ ਮਾਰੀਆਂ ਬੁਲਾਇਆ ਕਈ ਵਾਰ ਮੈਂ' ਪੰਜਾਬੀਆਂ ਸਾਹਮਣੇ ਪੇਸ਼ ਕੀਤਾ। ਆਲਮ ਲੁਹਾਰ ਨੂੰ 1960 ਤੋਂ ਲੈ ਕੇ 1970 ਤਕ ਸਭ ਤੋਂ ਵੱਧ ਸੁਣਿਆ ਜਾਂਦਾ ਰਿਹਾ। ਇਸੇ ਹੀ ਸਮੇਂ ਦੌਰਾਨ ਆਲਮ ਲੁਹਾਰ ਕੈਨੇਡਾ, ਇੰਗਲੈਂਡ, ਅਮਰੀਕਾ, ਨਾਰਵੇ ਅਤੇ ਜਰਮਨੀ ਜਾ ਕੇ ਪੰਜਾਬੀਆਂ ਨੂੰ ਆਪਣੀ ਜੋਸ਼ੀਲੀ ਤੇ ਮਸਤ ਕਰ ਦੇਣ ਵਾਲੀ ਗਾਇਕੀ ਨਾਲ ਨਿਹਾਲ ਕਰਦਾ ਰਿਹਾ।

**ਜੱਦੀ ਪੇਸ਼ਾ ਨਹੀਂ ਸੀ ਗਾਇਕੀ:**

ਇਸ ਗਾਇਕ ਨੂੰ ਸੁਣਨ ਦੇ ਸ਼ੌਕੀਨ ਪੰਜਾਬੀ ਸ਼ੇਰ-ਏ-ਪੰਜਾਬੀ ਤੇ ਹੀਰਾ ਦੇ ਨਾਂ ਨਾਲ ਵੀ ਯਾਦ ਕਰਦੇ ਹਨ। ਆਲਮ ਲੁਹਾਰ ਦੇ ਪਿੰਡ ਤੋਂ ਜੋ ਸੜਕ ਜੀਟੀ ਰੋਡ ਨੂੰ ਜਾਂਦੀ ਹੈ, ਉਸ ਦਾ ਨਾਂ ਵੀ ਆਲਮ ਲੁਹਾਰ ਰੋਡ ਰੱਖਿਆ ਗਿਆ ਹੈ। ਉਹ ਗ਼ਰੀਬ ਲੁਹਾਰ ਪਰਿਵਾਰ ਤੋਂ ਸੀ। ਲੁਹਾਰਾ ਨੂੰ ਮੁਗ਼ਲ ਬਰਾਦਰੀ ਵੀ ਕਿਹਾ ਜਾਂਦਾ ਹੈ। ਉਸ ਦਾ ਦਾ ਜੱਦੀ ਪੇਸ਼ਾ ਗਾਇਕੀ ਨਹੀਂ ਸੀ। ਆਪਣੇ ਇਕ ਗਾਣੇ ਵਿਚ ਵੀ ਉਸ ਨੇ ਕਿਹਾ ਹੈ, 'ਛੱਡ ਲੁਹਾਰਾ ਗਾਉਣ ਦਾ ਖਹਿੜਾ, ਤੇ ਸਨ੍ਹੀ ਹਥੌੜਾ ਵਾਹੀਏ'। ਗਾਇਕੀ ਆਲਮ ਲੁਹਾਰ ਦਾ ਭਾਵੇਂ ਜੱਦੀ ਪੇਸ਼ਾ ਨਹੀਂ ਸੀ ਪਰ ਇਸ ਮਹਾਨ ਹਸਤੀ ਨੂੰ ਨਿੱਕੇ ਹੁੰਦਿਆਂ ਤੋਂ ਹੀ ਗਾਉਣ ਦਾ ਸ਼ੌਕ ਪੈ ਗਿਆ ਸੀ। ਪਹਿਲਾਂ ਤਾਂ ਉਹ ਘਰ 'ਚ ਹੀ ਗੁਣਗੁਣਾਉਂਦਾ ਰਹਿੰਦਾ ਸੀ। ਉਹ ਘਰੇ ਹੀ ਸਾਰਾ ਦਿਨ ਕਦੇ ਗੜਵੀ, ਕਦੇ ਪਰਾਤ ਤੇ ਕਦੇ ਘੜਾ ਵਜਾ ਕੇ ਲੈਅ ਨਾਲ ਗਾਉਂਦਾ।

**ਮਿਰਜ਼ਾ ਗਾਉਣ 'ਤੇ ਮਿਲੀ ਸ਼ੋਹਰਤ:**

ਉਹ ਜਦੋਂ ਮਿਰਜ਼ਾ-ਸਾਹਿਬਾ ਆਪਣੀ ਤਿੱਖੀ, ਉੱਚੀ ਤੇ ਸੁਰੀਲੀ ਅਵਾਜ਼ ਵਿਚ ਗਾਉਂਦਾ ਸੀ ਤਾਂ ਪੰਜਾਬੀਆਂ ਦੇ ਮੁੱਖੜੇ ਲਾਲ ਹੋ ਜਾਂਦੇ ਸਨ। ਉਸ ਨੂੰ ਸਭ ਤੋਂ ਵੱਧ ਸ਼ੋਹਰਤ ਮਿਰਜ਼ਾ ਗਾਉਣ 'ਤੇ ਹੀ ਮਿਲੀ। ਇਨਸਾਨੀ ਫ਼ਿਤਰਤ, ਮਕਰ-ਫਰੇਬ ਤੇ ਚਤੁਰਾਈ ਨੂੰ ਜਿਵੇਂ ਆਲਮ ਲੁਹਾਰ ਨੇ ਖ਼ੂਬਸੂਰਤੀ ਤੇ ਸੋਚਾਂ ਦੀ ਡੂੰਘਾਈ ਨਾਲ ਗਾਇਆ ਹੈ, ਉਹ ਹਰ ਪੰਜਾਬੀ ਲਈ ਹੈਰਾਨਕੁਨ ਤੇ ਰਿਸ਼ਤਿਆਂ ਦੇ ਰੰਗ ਦੇਖਣ ਤੇ ਮਹਿਸੂਸ ਕਰਨ ਦਾ ਸਭ ਤੋਂ ਕਮਾਲ ਦਾ ਅਨੋਖਾ ਅੰਦਾਜ਼ ਹੈ। ਗਲ ਕੱਢਿਆ ਹੋਇਆ ਰੰਗ-ਰੰਗੀਲਾ ਕੁੜਤਾ, ਲੱਕ ਸੋਹਣੇ ਤੇ ਗੂੜ੍ਹੇ ਰੰਗ ਵਾਲਾ ਲਾਚਾ, ਪੈਰੀਂ ਚਮਕੀਲੇ ਤਿੱਲੇ ਨਾਲ ਕੱਢਿਆ ਹੋਇਆ ਖੁੱਸਾ, ਲੰਮੀਆਂ ਜ਼ੁਲਫ਼ਾਂ, ਭਰਿਆ-ਭਰਿਆ ਸਰੀਰ, ਕੱਦ ਦਰਮਿਆਨਾ ਤੇ ਹੱਥ ਵਿਚ ਚਿਮਟਾ, ਗਾਉਂਦਿਆਂ ਜਦੋਂ ਖ਼ਾਸ ਅੰਦਾਜ਼ ਨਾਲ ਸਿਰ ਨੂੰ ਝਟਕਾ ਦਿੰਦਾ ਤਾਂ ਕੇਸ ਖ਼ਾਸ ਅੰਦਾਜ਼ ਨਾਲ ਹਵਾ ਵਿਚ ਲਹਿਰਾ ਜਾਂਦੇ।

**ਮਹਾਨ ਗਾਇਕ:**

ਸੱਚਮੁੱਚ ਮਹਾਨ ਗਾਇਕ ਸੀ ਆਲਮ ਲੁਹਾਰ। ਗਾਇਕੀ 'ਚ ਉਸ ਦਾ ਸਾਥ ਫ਼ਜ਼ਲ ਕਰੀਮ ਕਿਸਾਈ ਅਲਗੋਜਜਿਆਂ ਵਾਲਾ ਦਿੰਦਾ ਸੀ। ਉਹ ਦੋ ਅਲਗੋਜੇ ਇਕੱਠੇ ਮੂੰਹ ਵਿਚ ਲੈ ਕੇ ਵਜਾਉਂਦਾ ਸੀ। ਇਕ ਵਾਰ ਆਲਮ ਲੁਹਾਰ ਮਸ਼ਹੂਰ ਸੂਫ਼ੀ ਬਜ਼ੁਰਗ ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ 'ਤੇ ਸਲਾਮ ਕਰਨ ਰੇਲਗੱਡੀ ਰਾਹੀਂ ਸੂਬਾ ਸਿੰਧ ਦੇ ਸ਼ਹਿਰ ਹੈਦਰਾਬਾਦ ਜਾ ਰਿਹਾ ਸੀ ਤੇ ਹੈਦਰਾਬਾਦ ਦੇ ਸਟੇਸ਼ਨ ਉੱਤੇ ਉਤਰ ਕੇ ਜਿਵੇਂ ਹੀ ਉਹ ਤੇ ਉਸ ਦੇ ਚਾਰ ਸਾਥੀ ਕਾਰ ਵਿਚ ਸਵਾਰ ਹੋ ਕੇ ਲਾਲ ਸ਼ਾਹਬਾਜ਼ ਕਲੰਦਰ ਦੀ ਮਜ਼ਾਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦੀ ਤੇਜ਼ ਰਫ਼ਤਾਰ ਕਾਰ ਬੱਸ ਨਾਲ ਟਕਰਾ ਗਈ। ਇਸ ਸੜਕ ਹਾਦਸੇ ਵਿਚ ਆਲਮ ਲੁਹਾਰ ਦੀ ਲੱਤ ਟੁੱਟ ਗਈ। ਇਲਾਜ ਪਿੱਛੋਂ ਪੰਜਾਬ ਪਰਤ ਕੇ ਉਨ੍ਹਾਂ ਨੇ ਹਸਪਤਾਲ ਦੇ ਕਰਮਚਾਰੀਆਂ ਦੀ ਮਾੜੀ ਕਾਰਗੁਜ਼ਾਰੀ 'ਤੇ ਗੀਤ 'ਅਵਾਜ਼ਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ' ਲਿਖਿਆ ਤੇ ਆਪ ਹੀ ਗਾਇਆ।

**ਆਵਾਜ਼ 'ਚ ਸੀ ਖ਼ਾਸ ਜਾਦੂ:**

ਆਲਮ ਲੁਹਾਰ ਦੀ ਅਵਾਜ਼ 'ਚ ਖ਼ਾਸ ਜਾਦੂ ਸੀ। ਉਸ ਨੇ ਗਾਉਣ ਲਈ ਬਿਲਕੁਲ ਵੱਖਰੀ ਸੁਰ ਅਪਨਾਈ। ਆਲਮ ਨੇ ਆਪਣੀ ਗਾਇਕੀ ਦੇ ਇਸ ਨਿਵੇਕਲੇ ਅੰਦਾਜ਼ ਨਾਲ ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੀ ਦੁਨੀਆਂ 'ਚ ਆਪਣੀ ਅਲੱਗ ਪਛਾਣ ਬਣਾਈ। ਉਸ ਦੇ ਅੰਦਾਜ਼-ਏ-ਗਾਇਕੀ ਦੀ ਨਕਲ ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਕਰਨ ਦੀ ਕੋਸ਼ਿਸ਼ ਕੀਤੀ। ਦਰਜਨਾਂ ਪੰਜਾਬੀ ਗਾਇਕਾਂ ਨੇ ਉਸ ਦੇ ਲਹਿਜ਼ੇ ਤੇ ਉੱਚੀ ਸੁਰ ਵਿਚ ਗਾਉਣ ਦਾ ਢੰਗ ਅਪਨਾਇਆ ਪਰ ਕੁਦਰਤ ਜਿਸ ਬੰਦੇ ਨੂੰ ਜੋ ਵੀ ਸਰੀਰਕ ਸਿਫ਼ਤ ਭੇਟ ਕਰਦੀ ਹੈ, ਕੋਈ ਹੋਰ ਬੰਦਾ ਉਸ ਸਿਫ਼ਤ ਨੂੰ ਖੋਹਣਾ ਵੀ ਚਾਹੇ ਤਾਂ ਨਹੀਂ ਖੋਹ ਸਕਦਾ।

**ਆਰਿਫ਼ ਲੁਹਾਰ ਵੀ ਵਸਦਾ ਪੰਜਾਬੀਆਂ ਦੇ ਦਿਲਾਂ 'ਚ:**

ਆਲਮ ਲੁਹਾਰ ਦਾ ਸਭ ਤੋਂ ਛੋਟਾ ਪੁੱਤਰ ਆਰਿਫ਼ ਲੁਹਾਰ ਪੰਜਾਬੀ ਗਾਇਕੀ ਦੇ ਮੈਦਾਨ ਵਿਚ ਨਿੱਤਰ ਕੇ ਪੰਜਾਬੀਆਂ ਦੇ ਦਿਲਾਂ 'ਚ ਵਸਦਾ ਹੈ। ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਰਸੇ ਦੀਆਂ ਕਹਾਣੀਆਂ ਗੀਤਾਂ ਦੇ ਰੂਪ ਵਿਚ ਗਾ ਕੇ ਪੰਜਾਬੀਆਂ ਨੂੰ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲ ਜੋੜਨ ਦੇ ਭਰਪੂਰ ਯਤਨ ਕਰ ਰਿਹਾ ਹੈ। ਜੁਗਨੀ ਆਲਮ ਲੁਹਾਰ ਦੀ ਖ਼ਾਸ ਪਛਾਣ ਬਣ ਗਈ ਸੀ। ਜੁਗਨੀ ਤਾਂ ਕਈ ਗਾਇਕਾਂ ਨੇ ਗਾਈ ਪਰ ਆਲਮ ਲੁਹਾਰ ਵਰਗੀ ਗੱਲ ਨਾ ਬਣੀ। 3 ਜੁਲਾਈ 1984 ਨੂੰ ਹੋਇਆ ਖ਼ਤਰਨਾਕ ਕਾਰ ਹਾਦਸਾ ਆਲਮ ਲੁਹਾਰ ਦੀ ਮੌਤ ਦਾ ਸਬੱਬ ਬਣਿਆ।

**ਦਿਲ ਵਾਲਾ ਦੁੱਖੜਾ ਨਈਂ,**
**ਕਿਸੇ ਨੂੰ ਸੁਣਾਈਦਾ,**
**ਆਪਣੀਆਂ ਸੋਚਾਂ ਵਿਚ ਆਪੇ**
**ਡੁੱਬ ਜਾਈਦਾ,**
**ਆਪ ਵੀ ਨਾ ਆਇਓਂ ਸਾਨੂੰ ਖਤ**
**ਵੀ ਨਾ ਘੱਲਿਆ,**
**ਜ਼ਿੰਦਗੀ ਦਾ ਦੀਵਾ ਮੇਰਾ ਇਵੇਂ ਬੁਝ ਚੱਲਿਆ।**

ਸਾਂਝੇ ਪੰਜਾਬ ਦੇ ਇਸ ਮਹਾਨ ਗਾਇਕ ਦੇ ਗਾਏ ਗੀਤ ਹਮੇਸ਼ਾ ਅਮਰ ਰਹਿਣਗੇ।

**- ਕੁਲਦੀਪ ਸਿੰਘ ਸਾਹਿਲ**

# ਬਾਲੀਵੁੱਡ

## ਨੀਰੂ ਬਾਜਵਾ ਨੇ ਨੀਲੇ ਰੰਗ ਦੀ ਪੁਸ਼ਾਕ 'ਚ ਪਾਈ ਖਿੱਚ




ਪੰਜਾਬੀ ਅਦਾਕਾਰਾ ਨੀਰੂ ਬਾਜਵਾ ਨੇ ਇੰਸਟਾਗ੍ਰਾਮ 'ਤੇ ਇੱਕ ਤਸਵੀਰ ਸਾਂਝੀ ਕੀਤੀ ਜਿਸ ਵਿੱਚ ਉਹ ਬਹੁਤ ਖੂਬਸੂਰਤ ਲੱਗ ਰਹੀ ਹੈ। ਤਸਵੀਰ ਵਿੱਚ ਉਹ ਸ਼ੀਸ਼ੇ ਸਾਹਮਣੇ ਖੜ੍ਹੀ ਨਜ਼ਰ ਆ ਰਹੀ ਹੈ। ਉਸ ਨੇ ਨੀਲੇ ਰੰਗ ਦੇ ਕੱਪੜੇ ਪਾਏ ਹਨ ਅਤੇ ਆਪਣੀ ਦਿੱਖ ਹੋਰ ਨਿਖਾਰਨ ਲਈ 'ਝੁਮਕੇ,' 'ਕੋਕਾ' ਅਤੇ 'ਮਾਂਗ ਟਿੱਕਾ' ਲਾਇਆ ਹੋਇਆ ਹੈ। ਉਸ ਨੇ ਬਹੁਤ ਘੱਟ ਮੇਕਅਪ ਕੀਤਾ ਹੋਇਆ ਹੈ। ਤਸਵੀਰ ਦੀ ਕੈਪਸ਼ਨ ਵਿੱਚ ਉਸ ਨੇ ਸਿਰਫ 'ਨੀਲੇ ਦਿਲ' ਵਾਲਾ ਈਮੋਜੀ ਸਾਂਝਾ ਕੀਤਾ ਅਤੇ ਪਿੱਛੇ ਫਿਲਮ 'ਜੱਟ ਐਂਡ ਜੂਲੀਅਟ 3' ਦਾ ਗੀਤ ਲਾਇਆ ਹੋਇਆ ਹੈ। ਨੀਰੂ ਇਸ ਫਿਲਮ ਵਿੱਚ ਦਿਲਜੀਤ ਦੋਸਾਂਝ ਨਾਲ ਮੁੱਖ ਭੂਮਿਕਾ ਵਿੱਚ ਨਜ਼ਰ ਆਈ ਸੀ।

## ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਨੂੰ ਸਮਰਪਿਤ ਗੀਤ "ਕਿੱਥੇ ਤੁਰ ਗਿਆਂ ਯਾਰਾ" ਦਾ ਪੋਸਟਰ ਰਿਲੀਜ਼



ਸ਼੍ਰੋਮਣੀ ਗਾਇਕ ਸੁਰਿੰਦਰ ਛਿੰਦਾ ਦੀ ਪਹਿਲੀ ਬਰਸੀ ਮੌਕੇ ਮਰਹੂਮ ਗਾਇਕ ਨੂੰ ਨਿਵੇਕਲੇ ਢੰਗ ਨਾਲ ਯਾਦ ਕਰਦਿਆਂ ਗੀਤ ਤਿਆਰ ਕੀਤਾ ਹੈ ਜਿਸ ਦਾ ਪੋਸਟਰ ਅੱਜ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਰਿਲੀਜ਼ ਕੀਤਾ ਗਿਆ। ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ, ਪਦਮ ਸ੍ਰੀ ਹੰਸ ਰਾਜ ਹੰਸ ਤੇ ਹਰਪ੍ਰੀਤ ਸੇਖੋਂ ਵੱਲੋਂ ਗੀਤ 'ਕਿੱਥੇ ਤੁਰ ਗਿਆਂ ਯਾਰਾ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਗੀਤ ਅਤੇ ਵੀਡਿਓ 26 ਜੁਲਾਈ ਨੂੰ ਸੁਰਿੰਦਰ ਛਿੰਦਾ ਦੀ ਪਹਿਲੀ ਬਰਸੀ ਮੌਕੇ ਰਿਲੀਜ਼ ਹੋਵੇਗਾ।ਇਸ ਗੀਤ ਨੂੰ ਹੰਸ ਰਾਜ ਹੰਸ ਨੇ ਗਾਇਆ ਹੈ ਤੇ ਹਰਪ੍ਰੀਤ ਸੇਖੋਂ ਨੇ ਲਿਖਿਆ ਹੈ। ਹੰਸ ਰਾਜ ਹੰਸ ਨੇ ਕਿਹਾ ਕਿ ਸੁਰਿੰਦਰ ਸ਼ਿੰਦਾ ਹਮੇਸ਼ਾ ਸਾਡੇ ਦਿਲਾਂ ਵਿਚ ਵਸਦਾ ਰਹੇਗਾ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਅੱਜ ਪੋਸਟਰ ਰਿਲੀਜ਼ ਕਰਦਿਆਂ ਵਿਛੜੇ ਸਾਥੀ ਨੂੰ ਯਾਦ ਕਰ ਰਹੇ ਹਾਂ ਜਿਸ ਦੀ ਯਾਦ ਸਦੀਵੀਂ ਉਸ ਦੇ ਚਾਹੁਣ ਵਾਲਿਆਂ ਦੇ ਦਿਲਾਂ ਵਿੱਚ ਯਾਦ ਰਹੇਗੀ। ਬਾਬੂ ਸਿੰਘ ਮਾਨ ਨੇ ਕਿਹਾ ਕਿ ਸੁਰਿੰਦਰ ਛਿੰਦਾ ਭਾਵੇਂ ਉਹ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਉਨ੍ਹਾਂ ਦੀ ਆਵਾਜ਼ ਹਮੇਸ਼ਾ ਗੂੰਜਦੀ ਰਹੇਗੀ। ਅੱਜ ਇੱਕ ਗੀਤ ਰਾਹੀਂ ਉਨ੍ਹਾਂ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਭੇਟ ਕਰ ਰਹੇ ਹਾਂ। 'ਕਿੱਥੇ ਤੁਰ ਗਿਆਂ ਯਾਰਾ' ਗੀਤ ਲਿਖਣ ਵਾਲੇ ਹਰਪ੍ਰੀਤ ਸੇਖੋਂ ਨੇ ਕਿਹਾ ਕਿ ਉਨ੍ਹਾਂ ਦੀ ਸਵਰਗੀ ਸੁਰਿੰਦਰ ਛਿੰਦਾ ਨਾਲ ਬਹੁਤ ਨੇੜਲੀ ਸਾਂਝ ਸੀ ਅਤੇ ਇੱਕ ਸਾਲ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਇੰਝ ਲੱਗਦਾ ਹੈ ਜਿਵੇਂ ਉਹ ਸਾਡੇ ਅੰਗ-ਸੰਗ ਹੋਣ।ਸੁਰਿੰਦਰ ਛਿੰਦਾ ਨੇ ਆਪਣੀ ਆਵਾਜ਼ ਨਾਲ ਜੱਟ ਜਿਉਣਾ ਮੌੜ, ਪੁੱਤ ਜੱਟਾ ਦੇ ਅਤੇ ਯਾਰਾਂ ਦਾ ਟਰੱਕ ਬੱਲੀਏ ਜਿਹੇ ਮਕਬੂਲ ਗੀਤ ਗਾਏ ਜੋ ਲੋਕ ਗੀਤ ਬਣ ਗਏ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੁਰਿੰਦਰ ਛਿੰਦਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੀ ਅਮਰ ਆਵਾਜ਼ ਆਖਿਆ ਸੀ।


WALKER HOUSE
NOW SELLING
NORTH DELTA'S FLAGSHIP
HIGH-RISE COMMUNITY
WalkerHouseDelta.com
rennie

# Employment Opportunity

## Media Relations Coordinators [NOC 11202]

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202] .

This is a permanent, full-time position which offers various shifts with 40 hours' work per week depending on schedule.

Location of work: Primary work location will be at 700-4211 Kingsway, Burnaby, B.C. V5H 1Z6, Canada.

The positions are available immediately.

## Job Description

- Strategize marketing and promotion for motion films and other projects based on project;

- Develop marketing plans and content for online [digital] marketing and offline media campaigns;

- Develop, handle and monitor social media accounts for promotion of project and prepare reports based on audience response;

-Maintain long term relations with media channels and to negotiate competitive deals for promotional activities;

- Development and management of organizations advertising and promotion budget for projects;

- Arrange press conferences and briefings and to be the organization's media liaison and formal spokesperson.

## Employment Requirements

- Formal education: post-secondary education is required;
- Serve as the organization's media liaison and formal spokesperson.
- Previous experience in project promotions;
- Critical thinker with strong conceptual and research skills.
- Ability to work under pressure and meet deadlines.
- Ability to work independently and as part of a team.
- Excellent interpersonal, verbal and writing skills.
- Meticulous, dependable and possess team motivational skills.

## Location of work:

The primary work location will be at 700-4211 Kingsway, Burnaby, B.C. V5H 1Z6, Canada.

The positions are available immediately.

**Please email resumes to** *thind10084@gmail.com* and qualified candidates will be contacted.

This position is open to Newcomers to Canada, Visible Minorities and Indigenous Persons.

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202].

This is a permanent, full-time position that offers various shifts with 40 hours of work per week depending on schedule.

# ਅਕਾਲੀ ਦਲ ਹਾਸ਼ੀਏ 'ਤੇ ਕਿਉਂ ਗਿਆ?

ਅਜੋਕੇ ਸਮੇਂ 'ਚ ਜਦੋਂ ਸਿੱਖ ਪਰਿਵਾਰਾਂ ਨੇ ਸਮਾਜਿਕ, ਆਰਥਿਕ ਤੇ ਵਿੱਦਿਅਕ ਪੱਧਰ 'ਤੇ ਭਰਪੂਰ ਤਰੱਕੀ ਕੀਤੀ ਹੈ ਅਤੇ ਹਥਿਆਰ ਦੀ ਥਾਂ ਕਲਮ ਨੂੰ ਆਪਣੀ ਸ਼ਖ਼ਸੀਅਤ ਤੇ ਭਵਿੱਖ ਨੂੰ ਘੜਨ ਲਈ ਵਰਤਣਾ ਸ਼ੁਰੂ ਕੀਤਾ ਹੈ, ਉਸ ਤੋਂ ਬਾਅਦ ਧਰਮ ਨਿੱਜੀ ਆਸਥਾ ਦਾ ਵਿਸ਼ਾ ਬਣ ਗਿਆ ਹੈ। ਹਾਲਾਂਕਿ ਇਸ ਗੱਲ ਦੇ ਕਿਤੇ ਇਹ ਮਾਅਨੇ ਨਹੀਂ ਹਨ ਕਿ ਅੱਜ ਦਾ ਸਿੱਖ ਧਰਮ ਦੇ ਮਾਮਲੇ 'ਚ ਪ੍ਰਪੱਕ ਨਹੀਂ ਹੈ। ਵੱਡੀ ਗਿਣਤੀ ਵਿਚ ਸਿੱਖ ਆਪਣੇ ਧਰਮ, ਅਕੀਦੇ ਤੇ ਗੁਰਬਾਣੀ ਨਾਲ ਇਸ ਵੇਲੇ ਜੁੜੇ ਹੋਏ ਹਨ।

ਹਾਲਾਂਕਿ ਪਰਿਵਾਰਿਕ ਤੇ ਦੁਨੀਆ ਦੇ ਰੁਝੇਵਿਆਂ ਵਿਚਾਲੇ ਉਸ ਕੋਲ ਆਪਣੇ ਧਰਮ ਦੀ ਵਿਲੱਖਣਤਾ ਉਤੇ ਹੋ ਰਹੇ ਹਮਲੇ ਬਾਰੇ ਚਿੰਤਾ ਕਰਨ ਦੀ ਥਾਂ ਚਿੰਤਨ ਦਾ ਸਮਾਂ ਨਹੀਂ ਹੈ। ਇਸ ਸਭ ਕਰਕੇ ਹੀ ਬਜ਼ੁਰਗਾਂ ਵੱਲੋਂ ਆਪਣੇ ਲਹੂ ਨਾਲ ਸਿੰਜ ਕੇ ਲਾਏ ਗਏ ਅਕਾਲੀ ਦਲ ਰੂਪੀ ਬੂਟੇ ਦੀ ਸੰਭਾਲ ਅੱਜ ਉਨ੍ਹਾਂ ਲੋਕਾਂ ਦੇ ਹੱਥ ਆ ਗਈ ਹੈ, ਜਿਹੜੇ ਖਾਲਸ ਤੇ ਅਕਾਲੀ ਵਿਚਾਰਧਾਰਾ ਨੂੰ ਖੁਦ ਆਪਣੇ ਘਰਾਂ ਤੱਕ ਨਹੀਂ ਸਾਂਭ ਸਕੇ। ਅਕਾਲੀ ਦਲ ਦੀ ਕਾਰਜਸ਼ੈਲੀ : ਆਪਣੇ ਸ਼ੁਰੂਆਤੀ ਸਮੇਂ 'ਚ ਅਕਾਲੀ ਹੋਣ ਦੇ ਮਾਅਨੇ ਅੱਜ ਦੇ ਮਾਅਨੇ ਤੋਂ ਵੱਖ ਸਨ। ਫ਼ਰਕ ਸਿਰਫ਼ ਇੰਨਾ ਆਇਆ ਹੈ ਕਿ ਪਹਿਲਾਂ ਹਕੂਮਤਾਂ ਉਸ ਵੇਲੇ ਦੇ ਅਕਾਲੀਆਂ ਤੋਂ ਡਰਦੀਆਂ ਸਨ ਪਰ ਹੁਣ ਅਕਾਲੀ ਆਗੂ ਹਕੂਮਤਾਂ ਤੋਂ ਡਰਦੇ ਹਨ। ਇਹ ਹਕੀਕਤ ਹੈ ਕਿ ਇਕ ਡਰਿਆ ਹੋਇਆ ਆਗੂ ਲਿਤਾੜੇ, ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਲਈ ਨਹੀਂ ਖੜ੍ਹ ਸਕਦਾ।



ਪੁਰਾਤਨ ਸਮੇਂ 'ਚ ਅਕਾਲੀ ਦਲ ਦੇ ਹਰ ਕਾਰਕੁੰਨ ਨੂੰ ਇਹ ਸਹੁੰ ਚੁਕਾਈ ਜਾਂਦੀ ਸੀ, "ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਵਾਅਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਲਹਿਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂਗਾ।

ਇਸ ਸਬੰਧੀ ਮੈਂ ਆਪ ਜਥੇਦਾਰ ਦੇ ਹੁਕਮ 'ਚ ਰਹਾਂਗਾ।

ਵੱਡੀ ਤੋਂ ਵੱਡੀ ਮੁਸੀਬਤ ਵਿਚ ਵੀ ਮੈਂ ਕਿਸੇ ਨੂੰ ਕੁਬੋਲ ਨਹੀਂ ਕਰਾਂਗਾ ਤੇ ਨਾ ਹੀ ਤਸ਼ੱਦਦ ਕਰਾਂਗਾ"। ਪਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ ਅਕਾਲੀ ਦਲ ਦੇ ਆਗੂਆਂ 'ਤੇ ਲੱਗਦੇ ਹਨ। ਪੰਜਾਬ 'ਚ ਫੈਲੇ ਡੇਰਾਵਾਦ ਨੂੰ ਖਾਦ-ਪਾਣੀ ਬੰਦ ਕਰਨ ਅਤੇ ਸੰਪ੍ਰਦਾਵਾਂ ਤੋਂ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸ਼ਾਇਦ ਅਕਾਲੀ ਦਲ ਦੇ ਸਿਆਸੀ ਮਨਸੂਬਿਆਂ ਕਰਕੇ ਪੂਰਾ ਨਹੀਂ ਕਰ ਸਕੀ।

**ਅਕਾਲੀ ਦਲ ਦੀ ਲੋੜ** : ਪੰਜਾਬ ਤੋਂ ਬਾਹਰ ਵੱਸਦਾ ਹਰ ਸਿੱਖ ਆਪਣੀ ਧਾਰਮਿਕ, ਸਮਾਜਿਕ, ਸਿਆਸੀ ਤੇ ਵਿੱਦਿਅਕ ਹੈਸੀਅਤ ਦੀ ਆਜ਼ਾਦੀ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਟੇਕ ਰੱਖਦਾ ਹੈ। ਭਾਰਤ ਦੇ ਕਿਸੇ ਸੂਬੇ 'ਚ ਵਸਦੇ ਸਿੱਖ ਨੂੰ ਆਪਣੇ ਨਾਲ ਹੋਏ ਕਿਸੇ ਵਿਤਕਰੇ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਚੇਤੇ ਆਉਂਦੀ ਹੈ ਪਰ ਸ਼੍ਰੋਮਣੀ ਕਮੇਟੀ ਸਰਕਾਰਾਂ ਨਾਲ ਗੱਲਬਾਤ ਤੋਂ ਪਹਿਲਾਂ ਆਪਣੀ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਰਹਿਨੁਮਾਈ ਲੱਭਦੀ ਹੈ।

ਇਸ ਕਰਕੇ ਪੰਜਾਬ ਤੋਂ ਬਾਹਰ ਵੱਸਦਾ ਸਿੱਖ ਅਕਾਲੀ ਦਲ ਦੀ ਮਜ਼ਬੂਤੀ ਦਾ ਸਭ ਤੋਂ ਵੱਡਾ ਹਮਾਇਤੀ ਹੈ। ਪੰਜਾਬ ਤੋਂ ਬਾਹਰ ਭਾਰਤ 'ਚ ਲਗਭਗ 1 ਕਰੋੜ ਸਿੱਖਾਂ ਦੀ ਆਬਾਦੀ ਹੈ, ਜਦਕਿ ਇੰਨੀ ਹੀ ਸਿੱਖ ਆਬਾਦੀ ਪੰਜਾਬ 'ਚ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਤੋਂ ਬਾਹਰ ਵੱਸਦਾ ਸਿੱਖ ਆਪਣੇ ਧਾਰਮਿਕ ਫਰਜ਼ਾਂ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਚੌਕੀਦਾਰ ਵਜੋਂ ਵੇਖਦਾ ਹੈ। ਇਸ ਕਰਕੇ ਅਕਾਲੀ ਦਲ ਵੱਲੋਂ ਅਕਾਲੀਅਤ ਨੂੰ ਕਿਨਾਰੇ ਕਰਨ ਦੀ ਕੀਤੀ ਜਾ ਰਹੀ ਆਪਸੀ ਖਾਨਾਜੰਗੀ ਦਾ ਪ੍ਰਭਾਵ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਸਿਆਸੀ ਪੱਖੋਂ ਕਮਜ਼ੋਰ ਕਰਦਾ ਹੈ।

**ਸਾਰ**: ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਆਪਣੇ ਸਿਆਸੀ ਮਨਸੂਬਿਆਂ ਕਰਕੇ ਪੁਰਾਤਨ ਵਿਚਾਰਧਾਰਾ, ਸਹਿਜਤਾ, ਸੰਕਲਪ ਅਤੇ ਅਕਾਲੀ ਵਿਚਾਰਧਾਰਾ ਤੋਂ ਪਾਸਾ ਵੱਟਣ ਦੀ ਕੀਤੀ ਗਲਤੀ, ਹੁਣ ਅਕਾਲੀ ਦਲ ਦੀ ਪੰਜਾਬ 'ਚ ਹੱਦ ਖਿਸਕਣ ਦਾ ਮੁੱਖ ਕਾਰਨ ਬਣ ਗਈ ਹੈ।

ਬਾਹਰਲੇ ਮੁਲਕਾਂ ਵੱਲ ਪੰਜਾਬੀਆਂ ਦੀ ਵਧਦੀ ਹਿਜਰਤ ਕਰਕੇ ਪੰਜਾਬ ਦੀ ਆਬਾਦੀ 'ਚ ਸਿੱਖਾਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ। ਇਸ ਤੋਂ ਇਲਾਵਾ ਪੇਂਡੂ ਤੇ ਸ਼ਹਿਰੀ ਸਿੱਖਾਂ 'ਚ ਸਿੱਖ ਸਿਧਾਂਤਾਂ ਨੂੰ ਲੈ ਕੇ ਵਿਚਾਰਧਾਰਕ ਸਮਾਜਿਕ ਦੂਰੀ ਵਧ ਰਹੀ ਹੈ ਕਿਉਂਕਿ ਸ਼ਹਿਰੀ ਸਿੱਖ ਗਿਆਨ ਦੇ ਸਾਧਨਾਂ ਦੀ ਵਰਤੋਂ ਕਰਦਿਆਂ ਧਰਮ 'ਚ ਆਈਆਂ ਊਣਤਾਈਆਂ ਤੇ ਮਾਰੂ ਬਿਰਤੀਆਂ ਤੋਂ ਕਿਨਾਰਾ ਕਰ ਗਿਆ ਹੈ, ਜਦੋਂਕਿ ਪੇਂਡੂ ਸਿੱਖ ਅੱਜ ਵੀ ਜਾਤ, ਬਿਰਾਦਰੀਆਂ ਤੇ ਡੇਰਿਆਂ ਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਦੂਰ ਕਰਨ ਦੀ ਹਿੰਮਤ ਨਹੀਂ ਵਿਖਾ ਸਕਿਆ।

ਸ਼ਹਿਰਾਂ 'ਚ ਅਕਾਲੀ ਦਲ ਦਾ ਆਧਾਰ ਸੁੰਘੜਨ ਦਾ ਵੀ ਸ਼ਾਇਦ ਇਹ ਵੱਡਾ ਕਾਰਨ ਹੈ, ਕਿਉਂਕਿ ਅਕਾਲੀ ਲੀਡਰਸ਼ਿਪ ਦੀਆਂ ਨੀਤੀਆਂ ਅਜੇ ਵੀ ਸੁਧਾਰਵਾਦੀ ਵਿਵਸਥਾ ਲਈ ਖੁਦ ਨੂੰ ਅਪਡੇਟ ਕਰਨ ਦਾ ਜੋਖਮ ਲੈਣ ਨੂੰ ਤਿਆਰ ਨਹੀਂ ਹੈ। ਅਕਾਲੀ ਵਿਚਾਰਧਾਰਾ ਨੂੰ ਕਿਨਾਰੇ ਕਰਕੇ ਸਦੀਵੀ ਪੰਜਾਬ ਉੱਤੇ ਰਾਜ ਕਰਨ ਦਾ ਸੁਪਨਾ ਲੈਣ ਵਾਲੀ ਲੀਡਰਸ਼ਿਪ ਦੀਆਂ ਨੀਤੀਆਂ

ਕਰਕੇ ਅਕਾਲੀ ਦਲ ਪੰਜਾਬ ਦੀ ਸਿਆਸਤ ਤੋਂ ਕਿਨਾਰੇ ਹੋ ਗਿਆ ਹੈ।

**ਡਾ. ਪਰਮਿੰਦਰ ਪਾਲ ਸਿੰਘ ਦਿੱਲੀ**

# CLASSIFIED - MATRIMONIAL - EMPLOYEMENT - RENTAL

TO ADVERTISE IN OUR CLASSIFIED SECTION >> CALL: 604-507-8009 OR E-MAIL: punjabijournal@gmail.com


## ਅਖਬਾਰ ਡਿਲੀਵਰੀ ਵਾਲੇ ਦੀ ਲੋੜ

ਵੈਨਕੂਵਰ, ਬਰਨਬੀ, ਰਿਚਮੰਡ 'ਚ ਅਖਬਾਰ ਦੀ ਡਿਲੀਵਰੀ ਕਰਨ ਵਾਲਿਆਂ ਦੀ ਲੋੜ ਹੈ। ਉਮੀਦਵਾਰ ਕੋਲ ਆਪਣੀ ਵੈਨ ਜਾਂ ਢੁਕਵਾਂ ਸਾਧਨ ਹੋਣਾ ਚਾਹੀਦਾ ਹੈ। ਤਨਖਾਹ $15 ਪ੍ਰਤੀ ਘੰਟਾ ਦਿੱਤੀ ਜਾਵੇਗੀ। ਆਪਣਾ ਫੋਨ ਨੰ: ਸਾਨੂੰ ਈ-ਮੇਲ 'ਚ ਭੇਜੋ ਅਸੀਂ ਤੁਹਾਨੂੰ ਫੋਨ ਕਰਾਂਗੇ। ਚਾਹਵਾਨ ਹੋਰ ਜਾਣਕਾਰੀ ਲਈ ਈਮੇਲ ਕਰ ਸਕਦੇ ਹਨ: infoswmedia@gmail.com

ਪੰਚਕੁਲਾ, ਚੰਡੀਗੜ੍ਹ, ਮੁਹਾਲੀ ਅਤੇ ਜ਼ੀਰਕਪੁਰ ਵਿਖੇ ਜਾਇਦਾਦ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

ਮੋਬਾਇਲ ਨੰਬਰ :
+91-987-604-7722
ਅਗਰਵਾਲ ਪ੍ਰਾਪਰਟੀ ਕੰਸਲਟੈਂਟ (ਰਜਿ:)
ਪੰਚਕੂਲਾ, ਹਰਿਆਣਾ (ਇੰਡੀਆ)

## WE ARE HIRING

Hiring sales clerk
for family run sewing store.
Sewing, cash, computer
skills required.
English essential.
Full/ part time.
Email resume to
info@tomssewing.com

## ਸੇਲ ਕਲਰਕ ਦੀ ਲੋੜ

ਪਰਿਵਾਰ ਦੁਆਰਾ ਚਲਾਏ ਜਾਣ ਵਾਲੇ ਸਿਲਾਈ ਸਟੋਰ ਲਈ ਸੇਲ ਕਲਰਕ ਦੀ ਲੋੜ ਹੈ।
ਅੰਗਰੇਜ਼ੀ ਬੋਲਣੀ ਆਉਣੀ ਲਾਜ਼ਮੀ
ਸਿਲਾਈ ਕਰਨੀ ਅਤੇ ਕੰਪਿਊਟਰ ਚਲਾਉਣਾ ਆਣਾ ਚਾਹੀਦਾ ਹੈ।
(ਫੁੱਲ ਟਾਈਮ/ਪਾਰਟ ਟਾਈਮ)
ਆਪਣਾ ਬਾਇਓ ਡੈਟਾ ਭੇਜੋ
info@tomssewing.com

Heart&Stroke™

ਸਟਰੋਕ ਦੇ ਲੱਛਣ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 911 'ਤੇ ਫ਼ੋਨ ਕਰੋ

Learn the signs, act FAST and call 9-1-1.

heartandstroke.ca/FAST

© Heart and Stroke Foundation of Canada, 2017 | ™The heart and / Icon on its own or followed by another icon or words in English are trademarks of the Heart and Stroke Foundation of Canada.

## REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲਬਿੰਗ ਦੀ ਪ੍ਰੋਬਲਮ ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

## BUDGET KITCHEN CABINETS LTD.

"Since 1985"

Specialized in European Style &
Traditional Style 90% Wrap,
Full Wrap M.D.F. Solid Oak,
Panel Oak, and Maple.
Kitchen Cabinets



13140 - 88th Ave. Surrey

Bus: 604-591-5586 Cell: 604-351-3804

## RIGHTWAY PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing,
- Power Washing,
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਸਿੱਖੀ ਕੇਸਾਂ ਸੰਗ ਨਿਭਾਉਣ ਵਾਲੇ ਭਾਈ ਤਾਰੂ ਸਿੰਘ ਜੀ

ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਜਨਮ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ (ਵਰਤਮਾਨ ਜ਼ਿਲ੍ਹਾ ਤਰਨ ਤਾਰਨ ਤਹਿਸੀਲ ਭਿੱਖੀਵਿੰਡ) ਦੇ ਪਿੰਡ ਪੂਹਲਾ ਵਿਖੇ ਗੁਰਸਿੱਖ ਅੰਮ੍ਰਿਤਧਾਰੀ ਪਿਤਾ ਭਾਈ ਧਰਮ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਧਰਮ ਕੌਰ ਦੀ ਕੁੱਖੋਂ ਮਿਤੀ 6 ਅਕਤੂਬਰ ਸੰਨ 1720 ਨੂੰ ਹੋਇਆ। ਨਿਤਨੇਮੀ ਕਿਰਤੀ ਪਰਿਵਾਰ ਦਾ ਸੌਖਾ ਗੁਜ਼ਾਰਾ ਵਾਹੀ ਖੇਤੀ 'ਤੇ ਨਿਰਭਰ ਸੀ। ਆਪ ਜੀ ਦਾ ਪਿੰਡ ਪੂਹਲਾ, ਸਿਰ ਤਲੀ 'ਤੇ ਰੱਖ ਕੇ ਗੁਰੂ ਦੀ ਗਲੀ ਵਿੱਚ ਆਉਣ ਵਾਲੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਿੰਡ ਪਹੂਵਿੰਡ ਦੇ ਗੁਆਂਢ ਵਿਚ ਹੀ ਹੈ। ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੀ ਬੀੜ ਵੀ ਇਸ ਇਲਾਕੇ ਵਿਚ ਹੀ ਹੈ ।

ਭਾਈ ਤਾਰੂ ਸਿੰਘ ਅਜੇ ਬਾਲ ਵਰੇਸ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਆਪ ਜੀ ਦੀ ਇੱਕ ਭੈਣ ਸੀ। ਦੋਵਾਂ ਬਾਲਕ ਭੈਣ ਭਰਾਵਾਂ ਦਾ ਪਾਲਨ-ਪੋਸ਼ਣ ਮਾਤਾ ਧਰਮ ਕੌਰ ਨੇ ਕੀਤਾ । ਪਰਿਵਾਰ ਦੇ ਸਾਰੇ ਜੀਅ ਅੰਮ੍ਰਿਤਧਾਰੀ ਤੇ ਨਿਤਨੇਮੀ ਸਨ। ਤਾਰੂ ਸਿੰਘ ਦਾ ਸੁਡੌਲ ਜੁੱਸਾ ਛੇਤੀ ਬਲਵਾਨ ਹੁੰਦਾ ਗਿਆ।

**ਜ਼ਕਰੀਆ ਖਾਨ ਦੇ ਜ਼ੁਲਮ:**

ਉਨ੍ਹੀ ਦਿਨੀਂ ਖਾਨ ਬਹਾਦਰ ਸੂਬਾ ਲਾਹੌਰ ਜ਼ਕਰੀਆ ਖਾਨ ਨੇ ਸਿੱਖਾਂ ਵਿਰੁੱਧ ਜ਼ੁਲਮੀ ਹਨੇਰੀ ਝੁਲਾਈ ਹੋਈ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾ ਰਹੇ ਸਨ। ਬੀੜ ਬਾਬਾ ਬੁੱਢਾ ਸਾਹਿਬ ਦਾ ਲਾਗਲਾ ਇਲਾਕਾ ਵੀ ਸੰਘਣਾ ਜੰਗਲ ਸੀ,ਜਿਸ ਵਿਚ ਸਿੰਘ ਵੈਰੀ ਫ਼ੌਜ ਦੀਆਂ ਟੁਕੜੀਆਂ ਦਾ ਟਾਕਰਾ ਕਰਦੇ ਹੋਏ ਦਿਨ ਕਟੀ ਕਰ ਰਹੇ ਸਨ। ਕੁਝ ਸਿੰਘਾਂ ਦਾ ਮੇਲ ਭਾਈ ਤਾਰੂ ਸਿੰਘ ਨਾਲ ਵੀ ਹੋ ਗਿਆ। ਘਰ ਪਹੁੰਚ ਕੇ ਸਿੰਘਾਂ ਦੀ ਇਸ



ਹਾਲਤ ਬਾਰੇ ਜਦੋਂ ਮਾਤਾ ਅਤੇ ਭੈਣ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਸਿੰਘਾਂ ਦੇ ਲੰਗਰ ਪ੍ਰਸ਼ਾਦੇ ਦੀ ਜ਼ਿੰਮੇਵਾਰੀ ਸਾਂਭ ਲਈ। ਮੌਕਾ ਅਤੇ ਸਮਾਂ ਤਾੜ ਕੇ ਦਾਲ ਤੇ ਪ੍ਰਸ਼ਾਦਿਆਂ ਨੂੰ ਟੋਕਰੀ ਵਿਚ ਬੰਨ੍ਹ ਕੇ ਨਾਲ਼ ਦੁੱਧ ਦੀ ਬਾਲਟੀ ਭਾਈ ਤਾਰੂ ਸਿੰਘ ਜੰਗਲ ਵਿਚ ਲੁਕੇ ਸਿੰਘਾਂ ਤੱਕ ਪੁੱਜਦੀ ਕਰ ਦੇਂਦੇ। ਸਾਖੀ ਵਿਚ ਦਰਜ ਹੈ ਕਿ ਇਲਾਕਾ ਨਿਵਾਸੀ ਮਾਛੀ ਰਹੀਮ ਬਖ਼ਸ਼ ਦੀ ਜਵਾਨ ਪੁੱਤਰੀ ਸਲਮਾ ਨੂੰ ਪੱਟੀ ਦਾ ਫ਼ੌਜਦਾਰ ਜਾਫ਼ਰ ਬੇਗ਼ (ਜੋ ਜ਼ਕਰੀਆ ਖਾਂ ਦਾ ਰਿਸ਼ਤੇਦਾਰ ਸੀ) ਜ਼ਬਰਦਸਤੀ ਚੁੱਕ ਕੇ ਲੈ ਗਿਆ। ਰੋਂਦੇ ਬਾਪ ਨੇ ਭਾਈ ਤਾਰੂ ਸਿੰਘ ਜੀ ਕੋਲ ਫਰਿਆਦ ਕੀਤੀ । ਭਾਈ ਸਾਹਿਬ ਨੇ ਸਿੰਘਾਂ ਕੋਲ ਫਰਿਆਦੀ ਮਾਛੀ ਰਹੀਮ ਬਖ਼ਸ਼ ਦੀ ਪੁਕਾਰ ਪੁਚਾ ਦਿੱਤੀ। ਸਿੰਘਾਂ ਨੇ ਸਿਪਾਹੀਆਂ ਨੂੰ ਸੋਧਾ ਲਾ ਕੇ ਜਾਫ਼ਰ ਬੇਗ ਨੂੰ ਜਹੰਨਮ ਪੁਚਾ ਕੇ ਸਲਮਾ ਨੂੰ ਉਸਦੇ ਬਾਪ ਕੋਲ ਪੁਚਾ ਦਿੱਤਾ।

ਭਾਈ ਸਾਹਿਬ ਦੀ ਗ੍ਰਿਫ਼ਤਾਰੀ ਮੁਗ਼ਲ ਹਕੂਮਤ ਦੇ ਟੁਕੜਬੋਚ ਸੂਹੀਏ ਜੰਡਿਆਲੇ ਦੇ ਹਰਿਭਗਤ ਨਿਰੰਜਣੀਏ ਨੇ ਵੀ ਭਾਈ ਤਾਰੂ ਸਿੰਘ ਦੀ ਸੂਰਮਗਤੀ ਦੀ ਚਰਚਾ ਸੁਣੀ। ਉਸ ਨੂੰ ਭਾਈ ਤਾਰੂ ਸਿੰਘ ਦੇ ਇਸ ਕਰਮ ਦੀ ਸੂਹ ਵੀ ਮਿਲ ਗਈ ਕਿ ਭਾਈ ਸਾਹਿਬ ਜੰਗਲ ਵਿਚ ਲੁਕੇ ਛੁਪੇ ਸਿੰਘਾਂ ਨੂੰ ਲੰਗਰ ਪ੍ਰਸ਼ਾਦੇ ਅਤੇ ਦੁੱਧ ਆਦਿਕ ਪਦਾਰਥ ਪੁਚਾ ਕੇ ਸੇਵਾ ਕਰਦੇ ਹਨ। ਉਸ ਨੀਚ ਕਰਮੀ ਲਾਲਚੀ ਸੂਹੀਏ ਨੇ ਇਹ ਸਾਰੀ ਜਾਣਕਾਰੀ ਵਧਾ ਚੜ੍ਹਾ ਕੇ ਜ਼ਕਰੀਆ ਖਾਨ ਨੂੰ ਦੱਸ ਦਿੱਤੀ। ਜ਼ਕਰੀਆ ਖਾਨ ਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦਾ ਤਹੱਈਆ ਕੀਤਾ ਹੋਇਆ ਸੀ, ਹਰਿਭਗਤ ਨਿਰੰਜਣੀਏ ਦੀ ਜ਼ੁਬਾਨੀ ਭਾਈ ਤਾਰੂ ਸਿੰਘ ਦਾ ਲੁਕੇ ਛੁਪੇ ਸਿੰਘਾਂ ਨੂੰ ਲੰਗਰ ਪੁਚਾਉਣ ਬਾਰੇ ਸੁਣ ਕੇ, ਗੁੱਸੇ ਨਾਲ ਆਪੇ ਤੋਂ ਬਾਹਰ ਹੋ ਗਿਆ ਤੇ ਤੁਰੰਤ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਤਾਰੂ ਸਿੰਘ ਨੂੰ ਉਸਦੇ ਸਾਹਮਣੇ ਪੇਸ਼ ਕੀਤਾ ਜਾਵੇ। ਹਕੂਮਤੀ ਸਿਪਾਹੀਆਂ ਦੀ ਇੱਕ ਟੁਕੜੀ ਨੇ ਮਾਝੇ ਦੇ ਪਿੰਡ ਪੂਹਲੇ ਪਹੁੰਚ ਕੇ ਦੋਵਾਂ ਭੈਣ ਭਰਾ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਪਿੰਡ ਵਾਸੀ ਸਿਪਾਹੀਆਂ ਦੇ ਸਿਰ ਹੋ ਗਏ ਤੇ ਭੈਣ ਨੂੰ ਉਨ੍ਹਾਂ ਕੋਲੋਂ ਛੁਡਾ ਲਿਆ। ਸਿਪਾਹੀਆਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਦੀ ਕਚਹਿਰੀ ਵਿਚ ਪੇਸ਼ ਕਰ ਦਿੱਤਾ। ਜ਼ਕਰੀਆ ਖਾਨ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਕੀ ਉਸ ਨੂੰ ਪਤਾ ਹੈ ਕਿ ਉਹ ਹਕੂਮਤ ਦੇ ਬਾਗ਼ੀਆਂ ਦੀ ਮਦਦ ਕਰਕੇ ਮੌਤ ਨੂੰ ਬੁਲਾਵਾ ਦੇ ਰਿਹਾ ਹੈ। ਭਾਈ ਸਾਹਿਬ ਨੇ ਜਵਾਬ ਦਿੱਤਾ ਕਿ ਉਨ੍ਹਾਂ ਕੋਈ ਹਕੂਮਤ ਦੀ ਖ਼ਿਲਾਫ਼ ਵਰਜ਼ੀ ਨਹੀਂ ਕੀਤੀ। ਜ਼ਕਰੀਆ ਖਾਨ ਨੇ ਆਪਣੀ ਔਕਾਤ ਇਹ ਹੁਕਮ ਸੁਣਾ ਕੇ ਦਿਖਾ ਦਿੱਤੀ ਕਿ ਉਹ ਜੇ ਜਾਨ ਦੀ ਸਲਾਮਤੀ ਚਾਹੁੰਦਾ ਹੈ ਤਾਂ ਇਸਲਾਮ ਕਬੂਲ ਕਰ ਲਏ ਪਰ ਅਡੋਲ ਚਿੱਤ ਭਾਈ ਸਾਹਿਬ ਨੇ ਜੇ ਮੌਤ ਨੇ ਆਉਣਾ ਹੀ ਹੈ ਤਾਂ ਕਿਉਂ ਨਾ ਕੇਸਾਂ ਸਵਾਸਾਂ ਸੰਗ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਜਾਵੇ।

**ਕੇਸਾਂ ਦੀ ਬੇਹੁਰਮਤੀ ਦੇ ਦਿੱਤੇ ਹੁਕਮ:**

ਇਹ ਸੁਣ ਕੇ ਜ਼ਾਲਮ ਹਾਕਮ ਨੇ ਜਲਾਦ ਬੁਲਾ ਕੇ ਹੁਕਮ ਦਿੱਤਾ ਕਿ ਤਾਰੂ ਸਿੰਘ ਦੇ ਕੇਸ ਖੋਪਰੀ ਸਮੇਤ ਲਾਹ ਦਿੱਤੇ ਜਾਣ। ਲਾਹੌਰ ਦੇ ਨਖਾਸ ਚੌਕ ਵਿਚ ਹੁਕਮ 'ਚ ਬੱਝੇ ਜਲਾਦ ਨੇ ਮੱਥੇ ਵਾਲੇ ਪਾਸਿਓਂ ਸ਼ੁਰੂ ਕਰਕੇ ਰੰਬੀ ਨਾਲ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹੁਣੀ ਸ਼ੁਰੂ ਕਰ ਦਿੱਤੀ। ਅਧਿਆਤਮਕ ਰੰਗ ਵਿਚ ਰੰਗੇ ਭਾਈ ਸਾਹਿਬ ਜੀ ਸਰੀਰਕ ਕਸ਼ਟ ਨੂੰ ਸਹਿਜ ਅਵਸਥਾ ਵਿਚ ਝੱਲਦੇ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਸਰੀਰ ਲ਼ਹੂ ਲੁਹਾਣ ਹੋ ਗਿਆ। ਕੇਸਾਂ ਸਮੇਤ ਉਨ੍ਹਾਂ ਦੀ ਖੋਪਰੀ ਨੂੰ ਸਿਰ ਨਾਲੋਂ ਲਾਹ ਦਿੱਤਾ ਗਿਆ । ਲਾਹੌਰ ਦੇ ਕੁਝ ਸਿੱਦਕੀ ਗੁਰਸਿੱਖਾਂ ਨੇ ਹਕੂਮਤੀ ਸ਼ਰਤਾਂ ਪੂਰੀਆਂ ਕਰਕੇ ਉਨ੍ਹਾਂ ਨੂੰ ਚੁੱਕ ਲਿਆਂਦਾ । ਜੜ੍ਹੀਆਂ ਬੂਟੀਆਂ ਤੋਂ ਤਿਆਰ ਦਵਾਈਆਂ ਦੇਣ ਦੇ ਨਾਲ ਨਾਲ ਕੋਸੇ ਕੜਾਹ ਦਾ ਲੇਪ ਉਨ੍ਹਾਂ ਦੇ ਖੋਪਰੀ ਤੋਂ ਬਗ਼ੈਰ ਸਿਰ 'ਤੇ ਕੀਤਾ ਜਾਂਦਾ। ਭਾਈ ਸਾਹਿਬ ਜੀ ਜਪੁਜੀ ਸਾਹਿਬ ਦੇ ਪਾਠ ਵਿਚ ਅੰਤਰ-ਧਿਆਨ ਰਹਿੰਦੇ।

**ਜ਼ਕਰੀਆ ਖਾਂ ਨੂੰ ਜੁੱਤੀਆਂ ਦੀ ਸਜ਼ਾ:**

ਅਕਾਲ ਪੁਰਖ ਦੀ ਕੁਦਰਤ ਦਾ ਕ੍ਰਿਸ਼ਮਾ ਕਿ ਜ਼ਕਰੀਆ ਖਾਂ ਨੂੰ ਪਿਸ਼ਾਬ ਦਾ ਸਖ਼ਤ ਬੰਨ੍ਹ ਪੈ ਗਿਆ। ਕੋਈ ਦਵਾ-ਦਾਰੂ ਕਾਰਗਰ ਸਾਬਤ ਨਾ ਹੋਇਆ। ਫਿਰ ਸਿੱਖਾਂ ਦੇ ਇਤਬਾਰੀ ਭਾਈ ਸੁਬੇਗ ਸਿੰਘ ਜੰਬਰ ਨੂੰ ਭਾਈ ਤਾਰੂ ਸਿੰਘ ਕੋਲ ਮੁਆਫ਼ੀਨਾਮੇ ਸਹਿਤ ਭੇਜਿਆ ਪਰ ਭਾਈ ਤਾਰੂ ਸਿੰਘ ਨੇ ਫ਼ੁਰਮਾਇਆ ਕਿ ਮੈਂ ਕੌਣ ਹੁੰਦਾ ਮੁਆਫ਼ ਕਰਨ ਵਾਲਾ, ਕੇਵਲ ਖ਼ਾਲਸਾ ਪੰਥ ਹੀ ਸਹਾਈ ਹੋ ਸਕਦੇ ਹਨ। ਭਾਈ ਸੁਬੇਗ ਸਿੰਘ ਜੰਬਰ ਨੇ ਸਿੰਘਾਂ ਦੀ ਭਾਲ ਕਰਕੇ ਮੁਆਫ਼ੀਨਾਮਾ ਪੇਸ਼ ਕੀਤਾ। ਸਿੱਖ ਆਗੂ ਭਾਈ ਕਪੂਰ ਸਿੰਘ ਨੇ ਕਿਹਾ ਕਿ ਪਹਿਲਾਂ ਸਿੰਘਾਂ 'ਤੇ ਕੀਤੇ ਜਾ ਰਹੇ ਜ਼ੁਲਮ ਬੰਦ ਕੀਤੇ ਜਾਣ। ਇਹ ਸ਼ਰਤਾਂ ਤੁਰੰਤ ਲਾਗੂ ਕਰ ਦਿੱਤੀਆਂ। ਭਾਈ ਸਾਹਿਬ ਦੀ ਜੁੱਤੀ ਜ਼ਕਰੀਆ ਖਾਂ ਦੇ ਸਿਰ ਉੱਤੇ ਮਾਰੀ ਗਈ। ਜਿਉਂ-ਜਿਉਂ ਜੁੱਤੀ ਮਾਰੀ ਜਾਂਦੀ ਰਹੀ, ਪਿਸ਼ਾਬ ਦੀ ਹਾਜਤ ਹੁੰਦੀ ਗਈ । ਜ਼ਕਰੀਆ ਖਾਂ ਦੇ ਸਿਰ ਦੇ ਵਾਲ ਉੱਡ ਗਏ। ਚਾਰ ਦਿਨ ਇਹ ਸਿਲਸਿਲਾ ਚੱਲਦਾ ਰਿਹਾ ਅਤੇ ਅਖ਼ੀਰ ਜ਼ਿੰਦਗੀ ਦਾ ਭੌਰ ਜ਼ਕਰੀਆ ਖਾਂ ਦੇ ਵਜੂਦ 'ਚੋਂ ਉਡਾਰੀ ਮਾਰ ਗਿਆ।


**ਭਾਈ ਤਾਰੂ ਸਿੰਘ ਜੀ ਦਾ ਅੰਤਿਮ ਸਮਾਂ:** ਭਾਈ ਸਾਹਿਬ ਦਾ ਇਲਾਜ ਕਰਨ ਦੇ ਬਾਵਜੂਦ ਉਨ੍ਹਾਂ ਦੀ ਸਿਹਤ ਦਿਨੋ-ਦਿਨ ਥੱਲੇ ਹੋਰ ਥੱਲੇ ਹੁੰਦੀ ਗਈ। ਆਖ਼ਰੀ ਵਕ਼ਤ ਆਉਂਦਾ ਜਾਣ ਕੇ ਭਾਈ ਸਾਹਿਬ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਨ ਦੀ ਇੱਛਾ ਪ੍ਰਗਟਾਈ। ਪਹਿਲੀ ਸਾਵਣ ਸੰਮਤ 1802 ਬਿਕ੍ਰਮੀ (ਪਹਿਲੀ ਜੁਲਾਈ ਸੰਨ 1745 ਈਸਵੀ) ਸੋਮਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ , ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਤੋਂ ਲਿਆਂਦੇ ਜਲ ਨਾਲ ਭਾਈ ਸਾਹਿਬ ਨੇ ਇਸ਼ਨਾਨ ਕੀਤਾ। ਰਸਨਾ ਜਪੁਜੀ ਸਾਹਿਬ ਦੀ ਇਲਾਹੀ ਬਾਣੀ ਉਚਾਰ ਰਹੀ ਸੀ। " ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ਦੇ ਉਚਾਰਨ ਤੋਂ ਬਾਅਦ ਭਾਈ ਸਾਹਿਬ ਦੀਆਂ ਅੱਖਾਂ ਸਦਾ ਲਈ ਬੰਦ ਹੋ ਗਈਆਂ ਤੇ ਉਨ੍ਹਾਂ ਦੀ ਰੂਹ ਆਤਮਾ ਗੁਰੂ ਚਰਨਾਂ ਵਿਚ ਬਿਰਾਜਮਾਨ ਹੋ ਗਈ ਸੀ।

• **ਪ੍ਰਿੰ. ਕੁਲਵੰਤ ਸਿੰਘ ਅਣਖੀ**

# ਅਮਰੀਕਾ 'ਚ ਕਈ ਰਾਸ਼ਟਰਪਤੀਆਂ ਦੀ ਹੋ ਚੁੱਕੀ ਹੈ ਹੱਤਿਆ

**ਵਾਸ਼ਿੰਗਟਨ:** ਅਮਰੀਕਾ ਦੇ 45ਵੇਂ ਰਾਸ਼ਟਰਪਤੀ ਰਹੇ ਡੋਨਾਲਡ ਟਰੰਪ ਹੋਏ ਜਾਨਲੇਵਾ ਹਮਲੇ ਤੋਂ ਪਹਿਲਾਂ ਵੀ ਇਸ ਦੇਸ਼ 'ਚ ਪ੍ਰਮੁੱਖ ਪਾਰਟੀਆਂ ਦੇ ਰਾਸ਼ਟਰਪਤੀਆਂ, ਸਾਬਕਾ ਰਾਸ਼ਟਰਪਤੀਆਂ ਅਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।

ਅਬਰਾਹਮ ਲਿੰਕਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਸਨ, ਜਿਨ੍ਹਾਂ ਨੂੰ 14 ਅਪ੍ਰੈਲ, 1865 ਨੂੰ ਜੌਹਨ ਵਾਈਕਸ ਬੂਥ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਘਟਨਾ ਦੌਰਾਨ ਉਹ ਆਪਣੀ ਪਤਨੀ ਮੈਰੀ ਟੌਡ ਲਿੰਕਨ ਨਾਲ ਵਾਸ਼ਿੰਗਟਨ ਦੇ ਫੋਰਡ ਥੀਏਟਰ ਵਿੱਚ ਨਾਟਕ 'ਸਾਡਾ ਅਮਰੀਕਨ ਕਜ਼ਨ' ਦੇਖ ਰਿਹਾ ਸੀ। ਬੂਥ ਦੀ 26 ਅਪ੍ਰੈਲ 1865 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਵਰਜੀਨੀਆ ਦੇ ਬੌਲਿੰਗ ਗ੍ਰੀਨ ਨੇੜੇ ਇੱਕ ਖੇਤ ਵਿੱਚ ਲੁਕਿਆ ਹੋਇਆ ਪਾਇਆ ਗਿਆ ਸੀ।




ਅਮਰੀਕਾ ਦੇ 20ਵੇਂ ਰਾਸ਼ਟਰਪਤੀ, ਐਮਸ ਗਾਰਫੀਲਡ: ਗਾਰਫੀਲਡ ਦੇਸ਼ ਦੇ ਦੂਜੇ ਰਾਸ਼ਟਰਪਤੀ ਸਨ ਜਿਨ੍ਹਾਂ ਦਾ ਅਹੁਦਾ ਸੰਭਾਲਣ ਤੋਂ ਛੇ ਮਹੀਨੇ ਬਾਅਦ ਹੀ ਕਤਲ ਕਰ ਦਿੱਤਾ ਗਿਆ ਸੀ। ਉਹ 2 ਜੁਲਾਈ, 1881 ਨੂੰ ਵਾਸ਼ਿੰਗਟਨ ਦੇ ਇੱਕ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸੀ, ਜਦੋਂ ਉਸਨੂੰ ਚਾਰਲਸ ਗਿਟੋ ਨੇ ਗੋਲੀ ਮਾਰ ਦਿੱਤੀ ਸੀ।

**25ਵੇਂ ਰਾਸ਼ਟਰਪਤੀ ਵਿਲੀਅਮ ਮੈਕਕਿਨਲੇ:** ਮੈਕਕਿਨਲੇ ਨੂੰ 6 ਸਤੰਬਰ, 1901 ਨੂੰ ਨਿਊਯਾਰਕ ਦੇ ਬਫੇਲੋ ਵਿੱਚ ਉਦੋਂ ਗੋਲੀ ਮਾਰ ਦਿੱਤੀ ਗਈ ਸੀ ਜਦੋਂ ਉਹ ਭਾਸ਼ਣ ਦੇਣ ਤੋਂ ਬਾਅਦ ਲੋਕਾਂ ਨਾਲ ਹੱਥ ਮਿਲਾ ਰਿਹਾ ਸੀ। ਇਕ ਵਿਅਕਤੀ ਨੇ ਨੇੜੇ ਤੋਂ ਉਸ ਦੀ ਛਾਤੀ ਵਿਚ ਦੋ ਵਾਰ ਗੋਲੀ ਮਾਰੀ। ਮੈਕਕਿਨਲੇ ਦੀ ਮੌਤ 14 ਸਤੰਬਰ 1901 ਨੂੰ ਹੋਈ।

**32ਵੇਂ ਰਾਸ਼ਟਰਪਤੀ ਫਰੈਂਕਲਿਨ ਡੀ. ਰੂਜ਼ਵੈਲਟ:** ਰੂਜ਼ਵੈਲਟ ਨੇ ਮਿਆਮੀ ਵਿੱਚ ਇੱਕ ਖੁੱਲ੍ਹੀ ਕਾਰ ਵਿੱਚੋਂ ਭਾਸ਼ਣ ਦਿੱਤਾ ਹੀ ਸੀ ਜਦੋਂ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਫਰਵਰੀ 1933 ਵਿੱਚ ਹੋਈ ਇਸ ਘਟਨਾ ਵਿੱਚ ਰੂਜ਼ਵੈਲਟ ਜ਼ਖ਼ਮੀ ਨਹੀਂ ਹੋਇਆ ਸੀ ਪਰ ਸ਼ਿਕਾਗੋ ਦੇ ਮੇਅਰ ਐਂਟਨ ਕਾਰਮੈਕ ਦੀ ਜਾਨ ਚਲੀ ਗਈ ਸੀ।

**33ਵੇਂ ਰਾਸ਼ਟਰਪਤੀ ਹੈਰੀ ਐੱਸ. ਟਰੂਮੈਨ:** ਟਰੂਮੈਨ ਨਵੰਬਰ 1950 ਵਿੱਚ ਵਾਸ਼ਿੰਗਟਨ ਦੇ ਬਲੇਅਰ ਹਾਊਸ ਵਿੱਚ ਸੀ ਜਦੋਂ ਦੋ ਬੰਦੂਕਧਾਰੀ ਇਸ ਵਿੱਚ ਦਾਖ਼ਲ ਹੋਏ। ਟਰੂਮੈਨ ਬੰਦੂਕਧਾਰੀਆਂ ਨਾਲ ਹੋਈ ਗੋਲੀਬਾਰੀ ਵਿੱਚ ਵਾਲ-ਵਾਲ ਬਚ ਗਿਆ ਪਰ ਵ੍ਹਾਈਟ ਹਾਊਸ ਦਾ ਇੱਕ ਪੁਲਸ ਮੁਲਾਜ਼ਮ ਅਤੇ ਇੱਕ ਹਮਲਾਵਰ ਮਾਰਿਆ ਗਿਆ।

ਜਦੋਂ ਕੈਨੇਡੀ ਨਵੰਬਰ 1963 ਵਿੱਚ ਫਸਟ ਲੇਡੀ ਜੈਕਲੀਨ ਕੈਨੇਡੀ ਨਾਲ ਡੱਲਾਸ ਦਾ ਦੌਰਾ ਕੀਤਾ, ਤਾਂ ਉਸ 'ਤੇ ਇੱਕ ਬੰਦੂਕਧਾਰੀ ਨੇ ਹਮਲਾ ਕਰ ਦਿੱਤਾ। ਉਸ ਦੀ ਮੌਤ ਹੋ ਗਈ। ਪੁਲਸ ਨੇ ਕੁਝ ਘੰਟਿਆਂ ਬਾਅਦ ਲੀ ਹਾਰਵੇ ਓਸਵਾਲਡ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦੋ ਦਿਨ ਬਾਅਦ, ਓਸਵਾਲਡ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਜਦੋਂ ਉਸਨੂੰ ਪੁਲਸ ਹੈੱਡਕੁਆਰਟਰ ਤੋਂ ਜੇਲ੍ਹ ਲਿਜਾਇਆ ਜਾ ਰਿਹਾ ਸੀ।

ਸੰਯੁਕਤ ਰਾਜ ਦੇ 38ਵੇਂ ਰਾਸ਼ਟਰਪਤੀ ਗੇਰਾਲਡ ਫੋਰਡ 'ਤੇ 1975 ਵਿੱਚ ਕੁਝ ਹਫ਼ਤਿਆਂ ਵਿੱਚ ਦੋ ਘਾਤਕ ਹਮਲੇ ਹੋਏ ਅਤੇ ਦੋਵੇਂ ਘਟਨਾਵਾਂ ਵਿੱਚ ਬਚ ਗਏ।

ਰੋਨਾਲਡ ਰੀਗਨ, ਅਮਰੀਕਾ ਦਾ 40ਵਾਂ ਰਾਸ਼ਟਰਪਤੀ: ਰੀਗਨ ਮਾਰਚ 1981 ਵਿੱਚ ਵਾਸ਼ਿੰਗਟਨ ਵਿੱਚ ਇੱਕ ਭਾਸ਼ਣ ਦੇ ਕੇ ਨਿਕਲ ਰਿਹਾ ਸੀ ਜਦੋਂ ਭੀੜ ਵਿੱਚ ਮੌਜੂਦ ਜੌਹਨ ਹਿਨਕਲੇ ਜੂਨੀਅਰ ਨੇ ਉਸਨੂੰ ਗੋਲੀ ਮਾਰ ਦਿੱਤੀ। ਇਲਾਜ ਤੋਂ ਬਾਅਦ ਉਹ ਠੀਕ ਹੋ ਗਿਆ।

**43ਵੇਂ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼:** ਬੁਸ਼ 2005 ਵਿੱਚ ਜਾਰਜੀਆ ਦੇ ਰਾਸ਼ਟਰਪਤੀ ਮਿਖਾਇਲ ਸਾਕਸ਼ਵਿਲੀ ਨਾਲ ਇੱਕ ਰੈਲੀ ਵਿੱਚ ਸ਼ਾਮਲ ਹੋ ਰਹੇ ਸਨ ਜਦੋਂ ਇੱਕ ਹੈਂਡ ਗ੍ਰੇਨੇਡ ਉਨ੍ਹਾਂ ਵੱਲ ਸੁੱਟਿਆ ਗਿਆ ਸੀ। ਗ੍ਰਨੇਡ ਨਹੀਂ ਫਟਿਆ ਅਤੇ ਕੋਈ ਜ਼ਖ਼ਮੀ ਨਹੀਂ ਹੋਇਆ।

**ਰਾਸ਼ਟਰਪਤੀ ਉਮੀਦਵਾਰ ਥੀਓਡੋਰ ਰੂਜ਼ਵੈਲਟ:** ਸਾਬਕਾ ਰਾਸ਼ਟਰਪਤੀ ਰੂਜ਼ਵੈਲਟ ਨੂੰ 1912 ਵਿੱਚ ਮਿਲਵਾਕੀ ਵਿੱਚ ਚੋਣ ਪ੍ਰਚਾਰ ਦੌਰਾਨ ਗੋਲੀ ਮਾਰ ਦਿੱਤੀ ਗਈ ਸੀ।

ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰੌਬਰਟ ਐੱਫ. ਕੈਨੇਡੀ: ਕੈਨੇਡੀ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਉਮੀਦਵਾਰ ਬਣਨ ਦੀ ਦੌੜ ਵਿੱਚ ਸਨ ਜਦੋਂ 1968 ਵਿੱਚ ਲਾਸ ਏਂਜਲਸ ਵਿੱਚ ਉਨ੍ਹਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜਾਰਜ ਸੀ. ਵੈਲੇਸ: ਵੈਲੇਸ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦਗੀ ਲਈ ਦੌੜ ਰਿਹਾ ਸੀ ਜਦੋਂ ਉਸਨੂੰ 1972 ਵਿੱਚ ਮੈਰੀਲੈਂਡ ਵਿੱਚ ਇੱਕ ਮੁਹਿੰਮ ਦੌਰਾਨ ਗੋਲੀ ਮਾਰ ਦਿੱਤੀ ਗਈ ਸੀ।


WESTERN COMMUNITY COLLEGE
Proudly
Graduated
7000+
Students
Since 2012
Health Care Assitant
Community Support Worker
Pharmacy Assistant Program
Dental Assistant
Business Management
Education Assistant
AND MORE...
CLOSE TO 50 PROGRAMS & 3 CAMPUS LOCATIONS TO SERVE THE COMMUNITY
WCC.CA
Abbotsford, BC
Unit 201, 3670 Townline Rd
Abbotsford, BC V2T 5W8
Tel : 604.776.1301
Surrey, BC
Unit 201 8318 120 St
Surrey, BC V3W 3N4
Tel : 604.594.3500
South Surrey, BC
Unit 204, 15850 24 Ave,
Surrey, BC V3Z 0G1
Tel : 604.594.3500

SABZI MANDI™
SUPERMARKET
Serving our Community since 2003

# GRAND OPENING!!!
# RICHMOND LOCATION
## 9371 No. 5 Road, Richmond

Saturday, July 20th, 1-5pm. Snacks and Prizes.
For each $100 spent, spin the wheel and get a free gift valued up to $15.

HOT PRICE — FRESH CILANTRO ਧਨੀਆਂ Bunch — 2 for 1.29

HOT PRICE — BC TINDA ਟਿੰਡਾ — 1.29 /lb

HOT PRICE — SEEDLESS WATERMELON ਮੱਤੀਰਾ — 79¢ /lb

HOT PRICE — JUMBO CAULIFLOWER ਗੋਭੀ SIZE 9 — 2.49 ea

INDIAN ROOH AFZA ਰੂਹ ਅਫਜ਼ਾ 750ml — 3.99 ea

UNBEATABLE DEAL
HEER MULTIGRAIN ATTA
ਹੀਰ ਮੱਲਟੀਗਰੇਨ ਆਟਾ
10lb
8.99 ea

FRESH MANGOES ਹੇਡਨ ਅੰਬ 4kg Case — 16.99 ea

DANIMA COOKIES ਡਾਨਿਮਾ ਕੁਕੀਆਂ 400g — 2.99 ea

COSMIC CRISP APPLES ਕੌਜ਼ਮਿਕ ਕਰਿਸਪ ਸੇਬ — 99¢ /lb

US#1 WALNUT HALVES ਅਖਰੋਟ — 6.99 /lb

CROWN SUNFLOWER OIL ਕਰਾਊਨ ਸੁਰਜਮੁਖੀਆ ਤੇਲ 1L — 3.99 ea

BROWN SUGAR ਭੂਰੀ ਖੰਡ 8lb — 7.99 ea

VIJ'S PICKLES ਵਿਜਜ਼ ਅੰਚਾਰ 330g, Asst. — 99¢ ea

FRESH FENUGREEK METHI ਮੇਥੀ Bunch — 1.79 ea

ROYAL 6-COMPARTMENT PARTY TRAYS ਰੋਯਲ ਪਾਰਟੀ ਪਲੇਟ 40 pack — 6.99 ea

MERI CHAI TEA ਮੇਰੀ ਚਾਹ 216's — 5.99 ea

SHUDH MUSTARD OIL ਸ਼ੁਧ ਸਰੋਂ ਦਾ ਤੇਲ 1L — 6.99 ea

TATA AGNI TEA ਟਾਟਾ ਅੱਗਨੀ ਚਾਹ 1kg — 9.99 ea

FRESH OPO ਲੌਕੀ — 1.29 /lb

HAPPY DAIRY PANEER ਹੈਪੀ ਡੈਰੀ ਪਨੀਰ 300g — 4.39 ea

FRESH GINGER ਅੱਦਰਕ — 1.69 /lb

INDIAN EGGPLANT ਦੇਸੀ ਵਤਾਊਂ — 1.69 /lb

US #1 POTATOES ਆਲੂ 10lb — 3.99 ea

#1 SPINACH ਪਾਲਕ Bunch — 1.69 ea

PROUDLY CANADIAN • PROUDLY PUNJABI!

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. July 19, 2024 - Wed. July 24, 2024

MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | PITT MEADOWS: 12169 Harris Rd, Pitt Meadows | 604-459-8410 |
| NEWTON EXCHANGE: 101-13753 72 Ave., Surrey | 604-581-2400 | RICHMOND: 9371 No 5 Rd, Richmond | 604-285-2400 |
| NEWTON EAST: 15299 68th Ave., Surrey | 604-598-8006 | NEWTON 64 AVE: 140- 6350 120 st, Surrey | 778-565-1266 |
| ABBOTSFORD: 31831 S. Fraser Way, Abbotsford | 604-864-9193 | LANGLEY: #50 – 20150 Langley Bypass, Langley | 604-427-3912 |
| ABBOTSFORD: 2777 Gladwin Road, Abbotsford | 604-744-2077 | | |